੧ੴ ਸਤਿਗੁਰ ਪ੍ਰਸਾਦਿ

ਗੁਰੂ ਨਾਨਕ ਦੇਵ ਮਿਸ਼ਨ ਸੀਰੀਜ਼ 254

# ਤਿੰਨ ਗੱਲਾਂ

ਨਿਹਾਲ ਸਿੰਘ ਬੀ.ਏ. ਬੀ.ਟੀ.
ਲੁਧਿਆਣਾ

ਸਿੱਖ ਧਰਮ ਦੇ ਪ੍ਰਚਾਰ ਲਈ ਤੁਸੀਂ ਕੀ ਕਰ ਰਹੇ ਹੋ ?
ਹੋਰ ਨਹੀਂ ਤਾਂ ਗੁਰੂ ਨਾਨਕ ਦੇਵ ਮਿਸ਼ਨ ਦੇ
ਟ੍ਰੈਕਟ ਆਪ ਪੜ੍ਹੋ ਤੇ ਹੋਰਨਾ ਨੂੰ ਪੜ੍ਹਾਉ ।

'ਗੁਰੂ ਨਾਨਕ ਦੇਵ-ਮਿਸ਼ਨ' ਪਟਿਆਲਾ
ਡਾਕਘਰ ਸਨੌਰ, ਪਟਿਆਲਾ, 147001
ਪੰਜਾਬ (ਇੰਡੀਆ) (ਭੇਟਾ = 60 ਪੈਸੇ)

ਸ੍ਰਦਾਰ ਨਿਹਾਲ ਸਿੰਘ ਲਾਇਲਪੁਰੀ (ਹਾਲ ਮਾਡਲ ਟਾਊਨ ਲੁਦਿਹਾਣਾ) ਰੀਟਾਇਰਡ ਹੈਡ ਮਾਸਟਰ, ਜੋ 1917-18 ਵਿਚ ਮੇਰੇ ਵਡੇ ਭਰਾ ਸ੍ਰ: ਆਲਾ ਸਿੰਘ ਦੇ ਜਮਾਤੀ ਖਾਲਸਾ ਕਾਲਜ ਅੰਮ੍ਰਿਤਸਰ ਪੜ੍ਹਦੇ ਸਨ ਅਤੇ ਬਾਦ ਵਿਚ ਮੇਰੇ ਜਿਗਰੀ ਮਿਤਰ ਸਾਬਤ ਹੋਇ, ਇਕ ਵਾਰ ਸੰਨ 1968 ਵਿਚ ਮੇਰੇ ਪਾਸ ਪਟਿਆਲੇ ਆਏ ਅਤੇ ਇਕ ਛੋਟੀ ਜਹੀ ਨੋਟ ਬੁਕ ਸਾਈਜ਼ ਕਾਪੀ, ਜਿਸ ਵਿਚ ਉਨਾ ਕੁਝ ਖਿਆਲ ਲਿਖੇ ਹੋਏ ਸਨ, ਮੈਨੂੰ ਦੇ ਗਏ। ਇਸ ਕਾਪੀ ਨੂੰ ਮੇਰੇ ਪਾਸ ਰਖਿਆਂ ਸੈਲਾਂ ਕੁ ਸਾਲ ਬੀਤ ਗਏ ਹਨ ਪਰ ਮਿਰਗ ਦੀ ਧੁਨ ਵਿਚ ਪਈ ਕਸਤੂਰੀ ਵਾਂਙ ਮੈਂ ਇਸ ਅੰਦਰ ਲਕੋ ਰਖੀ ਸੁਗੰਧਤਾ ਦਾ ਰਸ ਨ ਆਪ ਮਾਣਿਆ ਅਤੇ ਨ ਇਹ ਕਿਸੇ ਨੂੰ ਵੰਡੀ। ਦੋ ਦਿਨ ਹੋਏ, ਸੁਭਾਵਕ ਹੀ ਕਾਗਜ਼ ਫਰੋਲਦਿਆਂ ਇਹ ਕਸਤੂਰੀ ਦੀ ਡਬੀ ਮੇਰੇ ਹਥ ਆ ਗਈ। ਮੈਂ ਇਸ ਨੂੰ ਸੁੰਘਿਆ, ਪਰਖਿਆ। ਮੈਨੂੰ ਸਚ ਮੁਚ ਹੀ ਇਹ ਕਸਤੂਰੇ ਮਿਰਗ ਦੀ ਧੁਨ ਪਰਤੀਤ ਹੋਈ ਅਤੇ ਮੈਂ ਤਦੋਂ ਤਕ ਇਸ ਨੂੰ ਪਰੋਖੇ ਨਹੀਂ ਕੀਤਾ ਜਦੋਂ ਤਕ ਮੈਂ ਇਸ ਨੂੰ ਗੁਰ ਨਾਨਕ ਦੇਵ ਮਿਸ਼ਨ ਦੇ ਪਾਠਕਾਂ ਵਿਚ ਵੰਡ ਦੇਣ ਦਾ ਮਨ ਨਹੀਂ ਬਣਾ ਲਿਆ।

ਸ੍ਰ: ਨਿਹਾਲ ਸਿੰਘ ਨੇ ਇਸ ਵਿਚ ਤਿੰਨ ਗੱਲਾਂ ਦਾ ਨਿਰਣਾ ਦਿਤਾ ਹੈ ਜੋ ਉਨ੍ਹਾਂ ਨੇ ਤਰਾਈ (ਯੂ: ਪੀ:) ਦੇ ਖੇਤਾਂ ਅੰਦਰ ਰਹਿੰਦਿਆਂ ਆਪਣੇ ਇਕ ਗ੍ਰੈਜੂਏਟ ਮਿਤਰ ਨਾਲ, ਜੋ ਇਨ੍ਹਾਂ ਨੂੰ 'ਰਬ ਰੁਬ ਤਾਂ ਹੈ ਕੋਈ ਨਹੀਂ' ਕਹਿ ਕੇ ਬਾਣੀ ਦਾ ਪਾਠ ਕਰਨੋਂ ਵਰਜਦਾ ਸੀ, ਕੀਤੀਆਂ।

1. ਪਹਿਲੀ ਗੱਲ ਜੋ ਇਨ੍ਹਾਂ ਉਸ ਨੂੰ ਦਸੀ ਓਹ 'ਰਬ ਹੀ ਹੈ, ਹੋਰ ਕੁਝ ਹੈ ਹੀ ਨਹੀਂ' ਦੀ ਸੀ

2. ਦੂਜੀ ਗੱਲ ਉਨ੍ਹਾਂ ਇਹ ਦਸੀ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਜ਼ਮੂਨ ਵਾਰ ਕਿਉਂ ਨਹੀਂ ਤੇ ਰਾਗ ਵਾਰ ਕਿਉਂ ਹੈ।

3. ਤੀਜੀ ਗੱਲ ਗੁਰੂ ਬਾਣੀ ਅੰਦਰ ਪਤੀ ਪਤਨੀ ਦੇ ਅਲੰਕਾਰ ਦੀ ਵਿਸ਼ੇਸ਼ ਵਰਤੋਂ ਦੀ ਉਨ੍ਹਾਂ ਕੀਤੀ।

ਅਸੀਂ ਸ੍ਰ: ਨਿਹਾਲ ਸਿੰਘ ਦੀਆਂ ਇਹ ਤਿੰਨ ਗਲਾਂ ਉਸੇ ਨਾਮ ਹੇਠ ਪਾਠਕਾਂ ਦੀ ਭੇਟ ਕਰਦੇ ਹਾਂ।

ਸਕੱਤਰ

ੴ ਸਤਿਗੁਰ ਪ੍ਰਸਾਦਿ ॥

# ਤਿੰਨ ਗੱਲਾਂ

## "ਪਹਲੀ"

ਦੁਨੀਆਂ ਦੀ ਕਿਸੇ ਰੂਹਾਨੀ ਯਾ ਇਲਹਾਮੀ, ਯਾ ਧਾਰਮਕ ਪੁਸਤਕ ਦੇ ਆਦਿ ਵਿਚ '੧' ਨਹੀਂ ਲਿਖਿਆ ਮਿਲਦਾ। ਇਕੱਲੇ ਗੁਰੂ ਗ੍ਰੰਥ ਸਾਹਿਬ ਦਾ ਆਦ ੧ ਦੇ ਹਿੰਦਸੇ ਤੋਂ ਸ਼ੁਰੂ ਹੁੰਦਾ ਹੈ। ਕੁਰਾਨ ਸ਼ਰੀਫ ਵਿਚ ਲਫਜ਼ ਵਾਹਦ ਤਾਂ ਲਿਖਿਆ ਹੈ ਪਰ '੧' ਨਹੀਂ। ਇਸ ੧ ਦੇ ਅਰਥ ਗਿਆਨੀਆਂ ਨੇ ਕਈ ਤਰਾਂ ਕੀਤੇ ਹਨ। ਵਾਹਿਗੁਰੂ ਇਕ ਹੈ ਸਾਰਿਆਂ ਵਿਚੋਂ ਵਧ ਪ੍ਰਮਾਣੀਕ ਹੈ। ਪਰ ਡੂੰਘੀ ਵਿਚਾਰ ਨਾਲ ਇਸਦੇ ਅਰਥ ਇਓਂ ਬਣਦੇ ਹਨ, ਕਿ ਜੋ ਕੁਛ ਹੈ, ਉਹ ਇਕ ਇਕਾਈ ਹੈ। ਭਾਵੇਂ ਸਾਨੂੰ ਅਪਣੇ ਮਨ ਅਤੇ ਗਿਆਨ ਇੰਦ੍ਰਿਆਂ ਦੁਵਾਰਾ ਬੇਅੰਤ ਕੁਝ ਅੱਡੋ ਅਡ ਸ਼ਕਲਾਂ ਅਤੇ ਰੰਗਾ ਵਿਚ ਨਜ਼ਰ ਔਂਦਾ ਹੈ।

ਬੜੀ ਦੇਰ ਦੀ ਗਲ ਹੈ, ਕਿ ਇਕ ਬੀ:ਏ: ਪਾਸ ਨੌਜਵਾਨ ਮੇਰੇ ਪਾਸ ਆਇਆ ਤੇ ਮੈਨੂੰ ਪਾਠ ਕਰਦਿਆਂ ਵੇਖਕੇ ਕਹਣ ਲੱਗਾ। "ਇਸ ਦਾ ਕੀ ਲਾਭ ? ਰਬ ਰੁਬ ਤੇ ਹੈ ਕੋਈ ਨਹੀਂ"। ਮੈਂ ਅਖਿਆ 'ਨਹੀਂ ਜੀ ਰਬ ਹੀ ਹੈ ਤੇ ਹੋਰ ਕੁਝ ਹੈ ਈ ਨਹੀਂ', 'ਉਹ ਕਿੱਦਾ' ਉਸ ਆਖਿਆ। ਮੈਂ ਆਖਿਆ 'ਮੈਨੂੰ ਪਾਠ ਦਾ ਭੋਗ ਦਸਾਂ ਪੰਦਰਾਂ ਮਿੰਟਾਂ ਵਿਚ ਪਾ ਲੈਣ ਦਿਓ, ਫੇਰ ਖੋਲ ਕੇ ਦਸਾਂਗਾ, ਤੇ ਮਣਾਂ ਕੇ ਤੋਰਾਂਗਾ। ਭੋਗ ਪਾ ਕੇ ਮੈਂ ਆਖਿਆ "ਇਹ ਛਡੋ ਕਿ ਰਬ ਹੈ ਕਿ ਨਹੀਂ ਏਹ ਦਸੋ ਕਿ ਇਹ ਮੇਜ ਜਿਸ ਤੇ ਤੁਸੀਂ ਚਾਹ ਪੀ ਰਹੇ ਹੋ ਹੈ ਕਿ ਨਹੀਂ ?" ਉਹ ਬੋਲਿਆ 'ਏਹ ਤਾਂ ਹੈ" "ਜੇ ਏਹ ਹੈ" ਤਾਂ ਰਬ ਵੀ ਹੈ ਉਹ ਕਿਵੇਂ, ਹੁਣ ਧਿਆਨ

ਨਾਲ ਸੁਣੀ ਚਲੋ :—

ਏਹ ਮੇਜ਼ ਲਕੜੀ ਦੀ ਬਣੀ ਹੋਈ ਹੈ। ਲਕੜੀ ਬਣੀ ਹੋਈ ਹੈ ਕਾਰਬਨ (ਕੋਇਲਾ) ਹਾਈਡਰੋਜਨ ਆਕਸੀਜਨ ਤੇ ਇਤਿਆਦਿਕ ਹੋਰ ਤਤਾ ਦੀ, ਏਸੇ ਤਰ੍ਹਾਂ ਸੰਸਾਰ ਵਿਚ ਜੋ ਕੁਝ ਦਿਸਦਾ ਹੈ, ਕੁਝ ਕੁ ਤੱਤਾਂ ਦਾ ਬਣਿਆ ਹੋਇਆ ਹੈ। ਤੇ ਤੱਤਾਂ ਦੀ ਗਿਣਤੀ ਸੌ ਤੋਂ ਭੀ ਘਟ ਹੈ। ਯਾ ਵਧ ਘਟ ਸੌ ਕੁ ਹੈ। ਤੇ ਹਰ ਤੱਤ ਪ੍ਰਮਾਣੂਆਂ ਦਾ ਬਣਿਆਂ ਹੋਇਆ ਹੈ। ਤੇ ਹਰ ਇਕ ਤੱਤ ਦੇ ਹਰ ਇਕ ਪ੍ਰਮਾਣੂ ਦੇ ਮੱਧ ਵਿਚ ਉਸਦਾ Neucleus (ਮੱਧ ਬਿਂਦੂ) ਹੈ ਤੇ ਉਸਦੇ ਆਲੇ ਦੁਆਲੇ ਕੁਝ Electrones (ਬਿਜਲਾਣੂ) ਘੁੰਮਦੇ ਹਨ। ਜੇ ਏਹ ੮੦ ਹੋਣ ਤਾਂ ਪਾਰਾ ਹੁੰਦਾ ਹੈ, ਜੇ ੭੯ ਹੋ ਜਾਣ ਤਾਂ ਸੋਨਾਂ ਬਣ ਜਾਂਦਾ ਹੈ। ਤੇ ਏਸੇ ਤਰ੍ਹਾਂ ਬਿਜਲਾਣੂਆਂ ਦੇ ਵਧ ਘਟ ਹੋਣ ਨਾਲ ਹੋਰ ਸਾਰੇ ਤੱਤ ਬਣਦੇ ਹਨ। ਏਸ ਦਾ ਭਾਵ ਏਹ ਨਿਕਲਿਆ, ਕਿ ਏਹ ਸਾਰੇ ਤੱਤ ਅਸਲ ਵਿਚ ਇਕੋ ਪਰਮ ਤੱਤ ਤੋਂ ਬਣੇ ਹੋਏ ਹਨ। ਕਿਉਂਕਿ ਮੱਧ ਬਿੰਦੂ ਭੀ ਬਿਜਲੀ ਦੀਆਂ ਦੋ ਕਿਸਮਾਂ ਦੇ ਬਿਜਲਾਣੂਆਂ ਦਾ ਬਣਿਆ ਹੋਇਆ ਹੈ। ਉਹਨਾਂ ਨੂੰ ਅੰਗਰੇਜ਼ੀ ਵਿਚ Protones ਤੇ Neutrones ਕਹਿੰਦੇ ਹਨ। ਪਰ ਏਹ ਤਿੰਨੇ : Electrones (ਇਲੈਕਟਰੋਨਜ਼) Protones ਤੇ Neutrones ਹਨ ਬਿਜਲੀ ਦੀਆ ਹੀ ਵਖ ੨ ਕਿਸਮਾਂ। ਸੋ ਸਿਧ ਹੋਇਆਂ, ਕਿ ਏਹ ਸਾਰੇ ਤੱਤ ਇੱਕ ਪਰਮ ਤੱਤ ਦੇ ਬਣੇ ਹੋਏ ਹਨ ਜੋ ਅਤਿਅੰਤ ਸੂਖਸ਼ਮ ਹੈ। ਤਾਂ ਪਤਾ ਲਗਾ ਕਿ ਏਹ ਦਿਸਦੀ ਤੇ ਅਣਦਿਸਦੀ ਦੁਨੀਆਂ ਤੇ ਸਮਝੀ ਤੇ ਅਣਸਮਝੀ ਦੁਨੀਆਂ ਯਾ ਸਰਬੱਤ ਹੋਂਦ ਅਸਲ ਵਿਚ ਇਕੋ ਓਸੇ ਪਰਮ ਤੱਤ ਦੇ ਅੱਡੋ ਅੱਡ, ਵਖੋ ਵਖਰੇ, ਰੂਪ ਹਨ। ਦਸਵੇਂ ਪਾਤਸ਼ਾਹ ਨੇ ਲਿਖਿਆ ਹੈ, ਕਿ ਰਬ ਨੂੰ "ਸੂਖਮ ਤੇ ਸੂਖਮ ਕਰ ਚੀਨੇ "ਵਾਹਿਗੁਰੂ ਨੂੰ ਸੂਖਸ਼ਮ ਤੋਂ ਸੂਖਸ਼ਮ ਸਮਝੋ" ਪਰ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਜਿਨ੍ਹਾਂ ਨੇ ਏਹ ਸਾਰੀ ਗੱਲ ੧ ਦਾ ਹਿੰਦਸਾ ਲਿਖਕੇ ਮੁਕਾ ਦਿੱਤੀ ਹੈ। ਹੁਣ ਤੁਸੀਂ ਸਮਝ ਗਏ ਹੋਵੋਗੇ, ਕਿ ਇਕੋ ਪਰਮ ਤੱਤ ਹੈ ਤੇ ਓਹੀ ਅੱਡ ਅੱਡ ਬੇਅੰਤ ਰੂਪਾਂ ਰੰਗਾਂ ਵਿਚ ਨਜ਼ਰ ਔਂਦਾ ਹੈ ਯਾ ਮਹਿਸੂਸ ਹੁੰਦਾ ਹੈ। ਪਰਗੱਟ ਹੈ ਯਾ ਭਾਸਦਾ ਹੈ ਤੇ ਹੋਰ ਕੁਝ ਹੈ ਈ ਨਹੀਂ "ਏਸੇ ਗੱਲ ਨੂੰ ਬਾਣੀ ਵਿਚ ਇਓਂ" ਲਿਖਿਆ ਹੈ "ਗੋਬਿੰਦ ਹੈ ਸਭ ਗੋਬਿੰਦ

ਹੈ, ਗੋਬਿੰਦ ਬਿਨ ਨਹੀਂ ਕੋਈ।"

"ਗਰੈਜੂਏਟ ਸਾਹਿਬ ਬੋਲੇ ਕਿ ਕੀ ਤੁਸੀਂ ਉਸੇ ਸ਼ਕਤੀ ਨੂੰ ਵਾਹਿਗੁਰੂ, ਰੱਬ, ਪਰਮਾਤਮਾਂ ਆਦਿਕ ਨਾਵਾਂ ਨਾਲ ਯਾਦ ਕਰਦੇ ਹੋ ?" ਮੈਂ ਆਖਿਆ ਏਹ ਤਾਂ ਤੁਸਾਂ ਜਿੱਦਾਂ ਸਮਝੋ ਮੈਂ ਤਾਂ ਸਿਰਫ ਪੁਹਾਡੀ ਸਮਝ ਅਨੁਸਾਰ ਅਪਣੇ ਵਿਚਾਰ ਪਰਗਟ ਕੀਤੇ ਹਨ। ਤੇ ਦਾਲ ਵਿਚੋਂ ਇਕ ਦਾਣਾ ਹੀ ਟੋਹਿਆ ਹੈ। ਜੇ ਤੁਹਾਡਾ ਦਿਲ ਚਾਹੇ, ਤਾਂ ਏਨੇ ਤੇ ਹੀ ਸੰਤੁਸ਼ਟ ਹੋ ਜਾਓ ਤੇ ਏਸੇ ਸ਼ਕਤੀ ਨੂੰ ਵਾਹਿਗੁਰੂ ਮੰਨ ਲਵੋ। ਹਰ ਇਕ ਬੰਦਾ ਅਪਣੀ ਮਤ ਅਨੁਸਾਰ ਕੋਈ ਇਕ ਅੱਧਾ ਨੁਕਤਾ ਹੀ ਸਮਝ ਸਕਦਾ ਹੈ।

ਬਾਕੀ ਫੇਰ ਕਿਤੇ ਵਿਚਾਰ ਕਰਾਂਗੇ ਜੇ ਤੁਸੀਂ ਚਾਹੋ ਤੇ ਵਕਤ ਮਿਲ ਜਾਵੇ। ਏਹ ਸਾਇੰਸ ਦੇ ਹਿਸਾਬ ਨਾਲ ਗੱਲ ਬਾਤ ਕੀਤੀ ਹੈ। ਤੇ ਅਸਲ ਵਿਚ ਵਾਹਿਗੁਰੂ ਨੂੰ ਸੰਬੋਧਨ ਕਰਕੇ ਜੋ ਦਸਮੇ ਪਾਤਸ਼ਾਹ ਕਹਿੰਦੇ ਹਨ ਗੱਲ ਤਾਂ ਪਤੇ ਦੀ ਉਹ ਹੈ। ਕਹੰਦੇ ਹਨ ਮਹਾਰਜ ਜੀ :—

ਆਪ ਆਪਣੀ ਬੁਧ ਹੈ ਜੇਤੀ, ਬਰਣਤ ਭਿਨ ਭਿਨ ਤੋਹਿ ਤੇਤੀ। ਉਹ (ਗੈਜੂਏਟ) ਬੋਲੇ ਫੇਰ ਭੀ ਜੇਹੜਾ ਤੁਸੀਂ '੧ਓ ਸਤਿਨਾਮ' ਦਾ ਪਾਠ ਕਰਦੇ ਹੋ ਉਹਦਾ ਕੀ ਲਾਭ ਹੈ ? ਮੈਂ ਆਖਿਆ 'ਲਓ ਫੇਰ '੧' ਦਾ ਹੀ ਵਿਚਾਰ ਤੁਹਾਡੀ ਵਿਦਿਆ ਤੇ ਸਮਝ ਅਨੁਸਾਰ ਕਰਦੇ ਹਾਂ, ਲਓ ਸੁਣੋ!

ਪਹਿਲਾਂ ਅਸੀਂ ਵਿਚਾਰ ਕਰ ਚੁੱਕੇ ਹਾਂ, ਕਿ ਸਰਬ ਸ੍ਰਿਸ਼ਟੀ, ਸਾਰੀ ਦੀ ਸਾਰੀ ਨਾਨ੍ਹਾਂ ਪਰਕਾਰ ਦੀ ਹੋਂਦ (All that is) ਇਕੋ ਆਦਿ ਸ਼ਕਤੀ ਯਾ ਪਰਮ ਤੱਤ ਤੋਂ ਹੀ ਬਣੀ ਹੈ।

ਇਕ ਹੋਰ ਗੱਲ ਏਹ ਹੈ, ਕਿ ਸ਼ਾਇਦ ਤੁਸੀਂ ਜਾਣਦੇ ਹੀ ਹੋ, ਕਿ ਸਭ ਪ੍ਰਕਾਰ ਦੇ ਜੀਵਾਂ ਦੀ ਖੁਰਾਕ ਭੀ ਇਕੋ ਹੀ ਹੈ। (Protones, Fats Carbohydrates etc.) ਦਾਲਾਂ ਦੇ ਤੱਤ, ਥੰਧਿਆਈ ਆਟੇ ਦੇ ਤੱਤ ਆਦਿਕ। ਜੀਵ ਭਾਵੇਂ ਸਰਬ ਸ੍ਰੇਸ਼ਟ ਅਤੇ ਸ੍ਰੋਮਣੀ ਜੀਵ ਮਨੁੱਖ ਹੋਵੇ, ਯਾ ਪਸ਼ੂ ਬਣਚਰ

ਆਦਿ ਹੋਣ । ਯਾ ਜਲ ਦੇ ੭੨ ਲਖ ਜੀਵਾਂ ਵਿਚੋਂ ਕੋਈ ਹੋਵੇ ; ਐਥੋਂ ਤਕ ਕਿ ਕੀੜਿਆਂ ਮਕੌੜਿਆਂ, ਤੇ ਹੋਰ ਨੀਚੇ ਕੀਟਾਣੂਆਂ (germs) ਤਕ ਦੀ ਖੁਰਾਕ ਉੱਤੇ ਲਿਖੇ ਤੱਤ ਹੀ ਹਨ । ਸੋ ਸਭ ਉੱਚੇ ਤੋਂ ਉੱਚੇ ਅਤੇ ਨੀਵੇਂ ਤੋਂ ਨੀਵੇਂ ਦਰਜੇ ਤਕ ਏਸ ਹਿਸਾਬ ਨਾਲ ਇਕੋ ਜੇਹੇ ਹਨ ਬਲਕਿ ੧ ਹੀ ਹਨ । ਬਨਣਾਂ ਵਿਗੜਨਾਂ ਭਾਵ ਹੋਂਦ ਅਣਹੋਂਦ ਜ਼ਿੰਦਗੀ ਮੌਤ ਸਭ ਲਈ ਇਕੋ ਜੇਹੀ ਹੈ । ਤੇ ਧੰਨ ਗੁਰੂ ਨਾਨਕ ਸਾਹਿਬ ਹਨ ਜਿਨ੍ਹਾਂ ਨੇ ਏਹ ਸਭ ਕੁਝ '੧' ਲਿਖਕੇ ਸਮਝਾ ਦਿੱਤਾ ਹੈ ।

ਅਸਥੂਲ ਸ੍ਰੀਰਾਂ ਤੋਂ ਉੱਤੇ ਉਨ੍ਹਾਂ ਅੰਦਰ ਹੀ ਮਹਿਸੂਸ ਕਰਨ ਦੀ ਤੇ ਸੋਚ ਵਿਚਾਰ ਦੀ ਸ਼ਕਤੀ ਹੈ । ਡੂੰਘੀ ਤੋਂ ਡੂੰਘੀ ਖੋਜ ਨਾਲ ਪਤਾ ਲਗਦਾ ਹੈ, ਕਿ ਦਿਮਾਗ, ਸਭ ਜਾਨਦਾਰਾਂ ਦਾ, ਇਕੋ ਤਰ੍ਹਾਂ ਕੰਮ ਕਰਦਾ ਹੈ । ਕੁਝ ਹਿੱਸੇ ਗਿਆਨ ਇੰਦਰਿਆਂ ਨਾਲ ਸੰਬੰਧਤ ਹਨ ਤੇ ਕੁਝ ਹੋਰ ਸੋਚ ਵਿਚਾਰ ਦਾ ਕੰਮ ਕਰਦੇ ਹਨ । ਦਮਾਗੀ ਤਾਰਾਂ (nerves) ਬਿਜਲੀ ਦੀ ਤਾਕਤ ਨਾਲ ਕੰਮ ਕਰਦੀਆਂ ਹਨ ਤੇ ਹੋਰ ਭੀ ਸੂਖਸ਼ਮ ਸ਼ਕਤੀ ਨੂੰ ਜਨਮ ਦਿੰਦੀਆਂ ਹਨ ਜਿਸ ਨਾਲ ਵਿਚਾਰ ਸ਼ਕਤੀ ਪੈਦਾ ਹੁੰਦੀ ਹੈ ਤੇ ਸਾਰੇ ਅਸਥੂਲ ਜਗਤ ਦੇ ਕਾਰਜ ਸਿੱਧ ਹੁੰਦੇ ਹਨ ।

ਮੁਢਲੇ ਕਰਮ-ਕਰਮ ਤੇ ਪ੍ਰਤਿਕਰਮ (actions & reactions, ਯਾ instincts) ਜਾਨਵਰਾਂ ਤੇ ਬੰਦਿਆਂ ਦੇ ਇਕੋ ਜੇਹੇ ਹਨ ਤੇ ਏਹ ਨੌਂ ਦਰਵਾਜ਼ਿਆਂ (ਅਖਾਂ, ਕੰਨਾਂ ਨਾਸਾਂ ਮੂੰਹ ਤੇ ਟੱਟੀ ਪਿਸ਼ਾਬ ਦੇ ਰਸਤਿਆਂ ਨਾਲ ਸੰਬੰਧਤ ਹਨ । ਸਿਰਫ ਮਨੁਖ ਜਾਤੀ ਦਿਮਾਗ ਤੋਂ ਉਹ ਕੰਮ ਲੈਂਦੀ ਹੈ ਜਿਸਨੂੰ ਵਿਚਾਰ ਸ਼ਕਤੀ ਕਹਿ ਲੈਂਦੇ ਹਾਂ । ਇਸਦੇ ਆਸਰੇ ਅਸੀਂ ਨਵੀਆਂ ਤੋਂ ਨਵੀਆਂ ਸੋਚਾਂ ਸੋਚ ਸਕਦੇ ਹਾਂ । ਤੇ ਕਈ ਨਵੀਆਂ ਤਬਦੀਲੀਆਂ ਕਰ ਸਕਦੇ ਹਾਂ । ਦੁਨੀਆਂ ਦੀ ਸਾਰੀ ਤ੍ਰੱਕੀ ਦਾ ਮੁੱਢ ਏਹੀ ਹੈ ।

ਬੰਗਾਲੀ ਸਾਇੰਸਦਾਨ ਮਿਸਟਰ ਬੋਸ ਨੇ ਸਿਧ ਕੀਤਾ ਸੀ, ਕਿ ਡਰ ਤੇ ਖੁਸ਼ੀ, ਸੋਗ ਅਤੇ ਹਲਾਸ਼ੇਰੀ ਦਾ ਅਸਰ, ਸਭ ਬਨਾਸਪਤੀ ਤੇ ਭੀ ਹੋਰ ਪ੍ਰਾਣੀਆਂ ਵਾਂਗ ਹੀ ਪੈਂਦਾ ਹੈ ।

ਸੋ ਏਹਨਾਂ ਸਭ ਗੱਲਾਂ ਵਿਚ ਭੀ ਅਸੀਂ ਸਭ ੧ ਹਾਂ ਏਸੇ ਲਈ ਸ੍ਰੀ ਗੁਰੂ

ਨਾਨਕ ਦੇਵ ਨੇ ਅਪਣੀ ਬਾਣੀ ਦਾ ਅਰੰਭ ੧ ਨਾਲ ਹੀ ਕੀਤਾ ਹੈ।

ਸਾਰਾ ਬ੍ਰਹਮਾਂਡ ਸੂਰਜ ਦੇ ਪਰਵਾਰ, ਸਤ ਜ਼ਮੀਨਾਂ ਤੇ ਚੰਦਰਮਾਂ ਆਦਿਕ ਤੋਂ ਲੈ ਕੇ ਇਕੋ ਨਕਸ਼ੇ ਅਨੁਸਾਰ ਚਲ ਰਿਹਾ ਹੈ। ਮਧ ਵਿਚ ਇਕ ਚਮਕਦਾਰ, ਅਤਿ ਬਲਵਾਨ ਤਾਰਾ ਹੈ, ਤੇ ਬਾਕੀ ਪੰਜ, ਸਤ ਦਸ ਗ੍ਰਿਹ ਉਸਦੇ ਉਦਾਲੇ ਭੌਂਦੇ ਹਨ। ਉਸ ਤੋਂ ਅੱਗੇ nebula (ਧੁੰਧ ਬਦਲ) ਹਨ। ਨਕਸ਼ਾ ਉਹਨਾਂ ਦਾ ਭੀ ਓਹੀ ਹੈ, ਜੋ ਆਦ ਵਿਚ ਪ੍ਰਮਾਣੂਆਂ ਦਾ ਦਿਤਾ ਹੈ। ਸੋ ਕੀ ਵਡੇ ਕੀ ਛੋਟੇ ਸਭ ਇਕੋ ਤਰਾਂ ਦੇ ਚਕਰ ਵਿਚ ਤੇ ਮਹਾਰਾਜ ਦੇ '੧' ਦੇ ਵਿਚ ਸਮਾਏ ਹੋਏ ਹਨ। ਸਭ ਸ਼ਕਤੀਆਂ ਜਿਨ੍ਹਾਂ ਦੁਆਰਾ ਦੁਨੀਆਂ ਦਾ ਤੇ ਹੋਰ ਸਭ ਬ੍ਰਹਮਾਂਡ ਦਾ ਕੰਮ ਚਲ ਰਿਹਾ ਹੈ ਇਕੋ ਸ਼ਕਤੀ ਤੋਂ ਪੈਦਾ ਹੁੰਦੀਆਂ ਹਨ। ਤੇ ਇਕ ਸ਼ਕਤੀ ਦੂਜੀ ਸ਼ਕਤੀ ਵਿਚ ਬਦਲ ਜਾਂਦੀ ਹੈ। ਜਿਸ ਤਰ੍ਹਾਂ ਤੁਸੀਂ ਰੋਜ਼ ਦੇਖਦੇ ਹੋ। ਬਿਜਲੀ ਤੋਂ ਰੋਸ਼ਨੀ ਬਣ ਜਾਂਦੀ ਹੈ, ਤੇ ਓਹੀ ਬਿਜਲੀ ਹੀਟਰ ਵਿਚ ਗਰਮੀ ਬਣ ਜਾਂਦੀ ਹੈ। ਲੋਹੇ ਦੇ ਦੋ ਟੁਕੜੇ ਦੁਾਲੇ ਬਿਜਲੀ ਦੀ ਰੌ ਚਲਣ ਨਾਲ ਉਹ (ਚਮਕ ਪੱਥਰ) magnet ਮੈਗਨਟ ਬਣ ਜਾਂਦਾ ਹੈ। ਤੇ ਮੋਟਰਾਂ ਆਦ ਵਿਚ ਮੈਗਨਟ ਘੁਮਾਣ ਨਾਲ ਬਿਜਲੀ ਦੇ ਚੰਗਿਆੜੇ ਪੈਦਾ ਹੋ ਜਾਂਦੇ ਹਨ। ਯਕੀਨ ਬਣਦਾ ਹੈ, ਕਿ ਸਭ ਸ਼ਕਤੀਆਂ ਭੀ ਇਕੋ ਸ਼ਕਤੀ ਦੇ ਅਡੋ ਅਡ ਰੂਪ ਹਨ। ਅਸਲ ਵਿਚ ਸ਼ਕਤੀ ਇਕ ਹੀ ਹੈ। ਤੇ ਸਭ ਉਸ ਇਕ ਤੋਂ ਹੀ ਅਰੰਭ ਹੁੰਦੀਆਂ ਹਨ। ਸਤਿਗੁਰੂ ਜੀ ਨੇ ਹੋਰ ਐਵੇਂ ਤਾਂ ਨਹੀਂ ਇਕ ਲਿਖ ਦਿਤਾ ਏਸੇ ਤੋਂ ਸਭ ਧਰਮਾਂ, ਜਾਂ ਮਜ਼੍ਹਬਾਂ, ਸਭ ਬੰਦਿਆਂ ਦੀ ਏਕਤਾ ਦਾ ਤੇ ਸਾਂਝੀਵਾਲਤਾ ਦਾ ਭਾਵ ਨਿਕਲਦਾ ਹੈ। ਤੇ ਹੋਰ ਸੁਣੋ ਕੁਦਰਤ ਦੇ ਸਭ ਹਿਸਿਆ ਵੱਡੇ ੨ ਸੂਰਜਾਂ ਜਮੀਨਾਂ ਤੋਂ ਲੈ ਕੇ ਨਿੱਕੇ ਤੋਂ ਨਿੱਕੇ ਜ਼ਰਿਆ ਤਕ ਦੀ ਆਪੋ ਵਿਚ ਐਨੀ ਖਿਚ ਹੈ, ਕਿ ਉਹ ਸਾਰੇ ਇਕ ਦੂਜੇ ਨਾਲ ਬਝੇ ਹੋਏ ਹਨ। ਤੇ ਅਪਣੀ ਥਾਂ ਯਾ ਅਪਣੇ ਦਾਇਰੇ ਵਿਚ ਇਸਥਿਤ ਹਨ, ਅਡੋਲ ਟਿਕੇ ਹੋਏ ਹਨ, ਯਾ ਮਸਤਾਨੀ ਚਾਲ ਚਲ ਰਹੇ ਹਨ, ਤੇ ਇੱਕੋ ਇਕਾਈ ਪ੍ਰਤੀਤ ਹੁੰਦੇ ਹਨ। ਇਨਸਾਨ ਆਪ ਭੀ ਗਿਣਤੀਆਂ ਮਿਣਤੀਆਂ ਛੱਡ ਕੇ ਜਦੋਂ ਅਡੋਲ ਮਸਤੀ ਵਿਚ ਹੋਵੇ, ਤਾਂ ਕੁਦਰਤ ਦੇ ਨਾਲ ਹੀ ਇਕ ਮਿਕ ਹੋ ਜਾਂਦਾ ਹੈ। ਤੇ ਫੇਰ ਬਸ ੧ ਹੀ ੧ ਮਹਿਸੂਸ ਹੁੰਦਾ ਹੈ। ਭਾਈ ਵੀਰ ਸਿੰਘ ਜੀ ਨੇ ਸ਼ਾਇਦ ਏਸੇ ਗੱਲ ਵਲ ਇਸ਼ਾਰਾ

ਕੀਤਾ ਹੈ ਜਦ ਉਹ ਲਿਖਦੇ ਹਨ :—

ਕਿਓਂ ਹੋਇਆ ਤੇ ਕਿਕੂੰਰ ਹੋਇਆ ਖਪ ਖਪ ਮੋਇ ਸਿਆਣੇ
ਹੋਸ਼ਾਂ ਨਾਲੋਂ ਮਸਤੀ ਚੰਗੀ ਜੇਹੜੀ ਰਖਦੀ ਸਦਾ ਟਿਕਾਣੇ ।

ਏਹ ਅਤੇ ਹੋਰ ਏਸੇ ਤਰ੍ਹਾਂ ਦੇ ਪ੍ਰਭ ਵ ਮੇਰਾ ਮਨ ਲੈਂਦਾ ਹੈ ਪਾਠ ਅਰੰਭ ਕਰਨ ਲਗਿਆਂ ਗੁਰੂ ਮਹਾਰਾਜ ਦੇ ਪਹਲੇ '੧' ਤੋਂ ॥ ਬਾਕੀ ਜੋ ਘਟ ਤੋਂ ਘਟ ਨਿਤ ਨੇਮ ਕਰਦੇ ਹਾਂ, ਉਹਦੇ ਵਿਚ ਰੱਬੀ ਗੁਣਾਂ ਵੱਲ, ਨੇਕੀ ਵੱਲ ਭਾਈ ਚਾਰਕ ਵਿਵਹਾਰ ਕਾਰ ਵੱਲ, ਸ੍ਰੀਰਕ ਸੇਹਤ, ਤੇ ਰਖਿਆ ਬਾਬਤ ਦਸਾਂ ਨੌਹਾਂ ਦੀ ਕਿਰਤ ਕਰਨ ਵੱਲ ਅਤੇ ਸਾਡੀ ਸਾਰੀ ਜ਼ਿੰਗਦੀ ਸਿਧੀ ਪੱਧਰੀ ਬਣੌਣ ਵਲ ਪਰੇਰਨਾਂ ਮਿਲਦੀ ਹੈ । ਤੇ ਜੇ ਤਨੋ ਮਨੋ ਉਸ ਵਲ ਧਿਆਨ ਦਿਤਾ ਜਾਏ ਤੇ ਅਮਲ ਕੀਤਾ ਜਾਏ, ਤਾਂ ਏਹੋ ਜਿੰਦਗੀ ਸੁਰਗ ਬਣ ਜਾਂਦੀ ਹੈ, ਤੇ ਅਪਣਾਂ ਤੇ 'ਸੁਬੱਤ ਕਾ ਭਲਾ' ਹੋ ਜਾਂਦਾ ਹੈ ।

ਬੱਸ ਅਮਲ ਜ਼ਰੂਰੀ ਹੈ, ਹਜ਼ਰਤ ਇਕੁਬਾਲ ਲਿਖਦੇ ਹਨ :—

ਅਮਲ ਸੇ ਜ਼ਿੰਦਗੀ ਬਨਤੀ ਹੈ ਜਨਤ ਭੀ ਜਹਨਮ ਭੀ

ਯੇਹ ਪੁਤਲਾ ਅਪਨੀ ਫ਼ਿਤਰਤ ਸੇ ਨ ਨੂਰੀ ਹੈ ਨ ਨਾਰੀ ਹੈ

"ਭਾਈਆ ਜੀ, ਤੁਸਾਂ ਤੇ ਏਸ ਇਕੋ ਵਾਕ ਵਿਚ ਬਹੁਤ ਕੁਝ ਕਹਿ ਦਿੱਤਾ ਹੈ, ਇਸ ਨੂੰ ਬਹੁਤ ਖੋਲ ਖੋਲ੍ਹ ਕੇ ਦਸਣਾਂ ਪਵੇਗਾ । ਮੈਂ ਏਸ ਕਿਸਮ ਦੇ ਖਿਆਲ ਨਿਤ ਨੇਮ ਦੀ ਬਾਬਤ ਅਜ ਤਕ ਕਿਸੇ ਹੋਰ ਤੋਂ ਨਹੀਂ ਸੁਣੇ । ਮੈਂ ਆਖਿਆ "ਫੇਰ ਇਉਂ ਕਰੀਏ ਧੁਪ ਆ ਗਈ ਹੈ ਮੰਜੇ ਵੱਡੇ ਅੰਬ ਹੇਠ ਡਹਾ ਲਈਏ । ਪ੍ਰਸ਼ਾਦ ਪਾਣੀ ਛਕ ਕੇ ਆਰਾਮ ਕਰਕੇ ਫੇਰ ਗੱਲਾਂ ਬਾਤਾਂ ਕਰਾਂਗੇ ।"

"ਹੁਣ ਮੈਂ ਜਾਣਾਂ ਹੈ ਫੇਰ ਕਿਸੇ ਦਿਨ ਦਰਸ਼ਨ ਕਰਾਂਗਾ"

"ਭਈ ਨਹੀਂ ਫੇਰ ਪਤਾ ਨਹੀਂ, ਕਿੱਨਾਂ ਲੰਮਾਂ ਪੈ ਜਾਵੇ, ਤੇ ਕਲ ਦਾ ਕੀ ਇਤਬਾਰ । ਬਸ ਸ਼ਾਮ ਨੂੰ ਅਪਣੇ ਟ੍ਰੈਕਟਰ ਤੇ ਤੁਹਾਨੂੰ ਤੁਹਾਡੀ ਫ਼ਾਰਮ ਤੇ ਪੁਚਾ ਦਿਆਂਗੇ । ਹੋਰ ਭਈ ਮੈਂ ਬਹੁਤਾ ਖਹੜੇ ਏਸ ਲਈ ਭੀ ਪਿਆ ਹੋਇਆਂ ਹਾਂ

ਕਿ ਏਹਨਾਂ ਜੰਗਲਾਂ ਵਿਚ ਕਦੇ ਕਦਾਈਂ ਹੀ ਕੋਈ ਪੜਿਆ ਲਿਖਿਆ ਬੰਦਾ ਮਿਲਦਾ ਹੈ ।"

ਸ਼ਾਮ ਦੇ ੩ ਕੁ ਬਜੇ ਚਾਹ ਪੀਣ ਤੋਂ ਬਾਦ ਮੈਂ ਨਿਤਨੇਮ ਦਾ ਗੁਟਕਾ ਕੋਲ ਲਿਆ ਰਖਿਆ ਤੇ ਉਸ ਵਿਚੋਂ ਏਹ ਤੁਕਾਂ ਉਹਨਾਂ ਨੂੰ ਲਭ ਕੇ ਪੜ੍ਹ ਕੇ ਸੁਣਾਈਆਂ ।

(੧) ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦ ॥

ਏਹ ਸਭ ੧ ਦਾ ਵਿਸਥਾਰ ਹੈ ਤੇ ਏਸਨੂੰ ਮੂਲ ਮੰਤ੍ਰ ਕਿਹਾ ਜਾਂਦਾ ਹੈ । "॥ਜਪੁ॥" ਬਾਣੀ ਦਾ ਨਾਮ ਹੈ । ਅੱਗੇ ਹੈ ਸਲੋਕ "ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।"

੧ ਨੂੰ ਹੀ ਓਮ ਕਿਹਾ ਜਾਂਦਾ ਹੈ, ਉਸੇ ਦਾ ਏਹ ਸਾਰਾ ਪਸਾਰਾ ਭਾਵ ਆਕਾਰ ਹੈ । ਉਸੇ ਦਾ ਨਾਮ ਸਤਿ ਹੈ । ਬਾਕੀ ਅੱਗੇ ਉਸਦੇ ਗੁਣ ਵਰਨਣ ਕੀਤੇ ਹਨ ਤੇ ਅਖੀਰ ਤੇ ਗੁਰ ਪ੍ਰਸਾਦਿ ਲਿਖਿਆ ਹੈ । ਅਰਥਾਤ ਗੁਰੂ ਦੀ ਕ੍ਰਿਪਾ ਦੁਆਰਾ ਮਿਲਦਾ ਹੈ । ਯਾ (realize) ਅਨੁਭਵ ਹੁੰਦਾ ਹੈ । ਗੁਰੂ ਤੋਂ ਕੀ ਭਾਵ ਹੈ ਏਹ ਭੀ ਨਿਤਨੇਮ ਵਿਚ ਵਰਨਣ ਹੈ ।

"ਆਦਿ ਅੰਤੁ ਏਕੈ ਅਵਤਾਰਾ ਸੋਈ 'ਗੁਰੂ ਸਮਝੀਓ ਹਮਾਰਾ' ਉੱਪਰ ਲਿਖੇ ਸਲੋਕ ਵਿਚ ਭੀ ਉਸੇ ਗੁਰੂ ਦਾ ਵਰਨਣ ਹੈ । ਗੱਲ ਕੀ ਉਹ ੧ ਆਪ ਹੀ ਅਪਣੀ ਕ੍ਰਿਪਾ ਦੁਆਰਾ ਅਨੁਭਵ ਹੁੰਦਾ ਹੈ ।

'ਹੁਕਮੀ ਹੋਵਨਿ ਆਕਾਰ' ਵਾਲੀ ਪਉੜੀ ਨੰ: ੨ ਦੇ ਵਿਚ ਹੁਕਮ ਦਾ ਅਰਥ ਮੈਂ ਬਹੁਤ ਵੀਚਾਰ ਪਿਛੋਂ (Laws of nature) ਕਾਨੂੰਨੇ ਕੁਦਰਤ ਕਰਦਾ ਹਾਂ । ਏਹੋ ਹੀ ਅਰਥ ਪੜ੍ਹੇ ਲਿਖੇ ਤੇ ਸਾਇੰਸ ਵੇਤਾ ਬੰਦਿਆਂ ਦੇ ਮਨ ਲਗਦੇ ਹਨ । ਫੇਰ ਜਿਉਂ ੨ ਉਹ ਆਤਮਕ ਤ੍ਰੱਕੀ ਕਰਦੇ ਜਾਂਦੇ ਹਨ, ਹੋਰ ਬਹੁਤ ਚਾਨਣ ਹੁੰਦਾ ਜਾਂਦਾ ਹੈ ।

1. ਸਭਨਾਂ ਜੀਆਂ ਕਾ ਇਕੁ ਦਾਤਾ ਸੋ ਮੈਂ ਵਿਸਰਿ ਨ ਜਾਈ ।

2. 'ਨਾਨਕ ਭਗਤਾਂ ਸਦਾ ਵਿਗਾਸੁ' ਭਾਵ ਭਗਤ ੧ ਨੂੰ ਮੰਨਣ ਵਾਲੇ ਸਦਾ ਖਿੜੇ ਰਹਿੰਦੇ ਹਨ ।

3. 'ਮੰਨੈ ਨਾਨਕ ਭਵਹਿ ਨ ਭਿਖ' ਭਾਵ ਜੋ ਵਾਹਿਗੁਰੂ ੧ ਨੂੰ ਮੰਨਦੇ ਹਨ ਭਾਵ ਮਨ ਵਿਚ ਵਸਾਂਦੇ ਹਨ ਉਹ ਭਿਖਿਆ ਨਹੀਂ ਮੰਗਦੇ ਫਿਰਦੇ ।

4. ਕਰਤੇ ਕੈ ਕਰਣੈ ਨਾਹੀਂ ਸੁਮਾਰੁ ।

ਇਸ ਦੀ ਮਿਸਾਲ ਏਹ ਹੈ । ਕਿ ਸੂਰਜ ਦਾ ਫਾਸਲਾ nebula (ਧੁੰਦ ਬਦਲਾਂ ਦੇ centre (ਮਧ) ਤੋਂ 37,000 Light years ਹੈ' ਇਸ ਦਾ ਅਰਥ ਹੈ ਕਿ 37,000 ਸਾਲ ਵਿਚ ਰੌਸ਼ਨੀ ਉਥੋਂ ਸੂਰਜ ਤਕ ਪਹੁੰਚਦੀ ਹੈ । ਰੌਸਨੀ ਦੀ ਰਫਤਾਰ 186,000 ਮੀਲਾਂ ਪ੍ਰਤਿ ਸੈਕੰਡ ਹੈ । ਤਾਂ ਸਮਝੋ ਇਕ ਸਾਲ ਵਿਚ ਰੌਸਨੀ 186,000 × 60 × 60 × 24 × 365 ਮੀਲ ਚਲਦੀ ਹੈ । ਫੇਰ 37,000 ਸਾਲ ਨਾਲ ਗੁਣੋ ਤਾਂ ਏਹ ਬਣਦਾ ਹੈ 36,17,17,92,00,00,00,000

ਹੁਣ ਤੁਸੀਂ ਕੁਦਰਤ ਦੇ ਏਸ ਨਿੱਕੇ ਜੇਹੇ ਫਾਸਲੇ ਦਾ ਭੀ ਅੰਦਾਜ਼ਾਂ ਨਹੀਂ ਲਾ ਸਕਦੇ ਭਾਵੇਂ ਤੁਸੀਂ ਬੀ: ਏ: ਪਾਸ ਹੋ । ਸੋ ਮਹਾਰਾਜ ਨੇ ਗਲ ਮੁਕਾ ਦਿੱਤੀ ਹੈ, ਕਿ 'ਕਰਤੇ ਕੈ ਕਰਣੈ ਨਾਹੀਂ ਸੁਮਾਰੁ ।' ਤੇ ਆਮ ਆਦਮੀਆਂ ਨਾਲ ਏਹੋ ਜੇਹੀ ਗਿਣਤੀ ਮਿਣਤੀ ਮੈਂ ਭੀ ਨਹੀਂ ਕਰਦਾ ।

5. ਕੀਤਾ ਪਸਾਉ ਏਕੋ ਕਵਾਉ ।

ਇਕ ਸ਼ਬਦ (ਲਫਜ਼) ਆਖ ਕੇ ੧ ਨੇ 'ਸਾਰਾ ਪਸਾਰਾ ਕਰ ਦਿਤਾ ਸਾਰੀ ਰਚਨਾ ਰਚ ਦਿਤੀ ।'

ਮੁਸਲਮਾਨ ਕਹੰਦੇ ਹਨ 'ਕੁਨ ਕੇ ਕਹਿਨੇ ਸੇ ਕੀਆ ਆਲਮ ਬਪਾ ।'

ਔਰ ਜਬ ਚਾਹੇ ਉਸੇ ਕਰ ਦੇ ਫਨਾਂ ।

ਬਾਈਬਲ ਵਿਚ ਲਿਖਿਆ ਹੈ God said "Be" and it was.

6. ਨਿੰਦਾਂ ਕਰਨ ਤੋਂ ਰੋਕਿਆ ਹੈ। "ਅਸੰਖ ਨਿੰਦਕ ਸਿਰਿ ਕਰਹਿ ਭਾਰੁ।"

7. ਭਰੀਐ ਮਤਿ ਪਾਪਾ ਕੈ ਸੰਗਿ। ਓਹੁ ਧੋਪੈ ਨਾਵੈ ਕੈ ਰੰਗਿ।

ਪਾਪਾਂ ਦਾ ਅਰਥ ਹੈ negative & destructive words & actions ਭਾਵ ਮਨਫੀ ਤੇ ਢਾਊ ਬੋਲ ਅਤੇ ਕੰਮ।

ਏਹਨਾਂ ਤੋਂ ਬਚਣ ਵਾਸਤੇ ਭੀ ੧ ਦਾ ਧਿਆਨ ਧਰਨਾਂ ਜਰੂਰੀ ਹੈ, ਅਰਥਾਤ ਨਾਮ ਜਪਣਾਂ ਜਰੂਰੀ ਹੈ।

8. ਆਪੇ ਬੀਜਿ ਆਪੇ ਹੀ ਖਾਹੁ। ਅਰਥਾਤ ਅਪਣੀ ਹਿੰਮਤ ਤੇ ਮੇਹਨਤ ਨਾਲ ਕਮਾਓ ਤੇ ਖਾਓ। ਕਿਸੇ ਤੇ ਭਾਰ ਨ ਬਣੋ। ਤੇ ਆਪਣੀ ਕੋਸ਼ਸ਼ ਨਾਲ ਹੀ ਬੇਹਤਰ ਇਨਸਾਨ ਬਣੋ।

"ਏਹ ਜੀ ਜੇਹੜਾ ਤੁਸਾਂ ਪੜ੍ਹਿਆ ਹੈ, 'ਕਵਣੁ ਸੁ ਵੇਲਾ ਵਖਤੁ ਕਵਣੁ' 'ਜਿਤ ਹੋਆ ਆਕਾਰ' ਕੀ ਮਹਾਰਾਜ ਨੇ ਉਹ ਵਕਤ ਦਸਿਆ ਹੈ?"

"ਭਈ ਨਹੀਂ ਮਹਾਰਾਜ ਏਹਨਾਂ ਝਗੜਿਆਂ ਵਿਚ ਨਹੀਂ ਪਏ ਬਹੁਤਾ। ਹਾਂ ਇਕ ਦੋ ਥਾ; ਲਿਖਿਆ ਹੈ" ਜੁਗ ਛਤੀਹ ਗੁਬਾਰ ਕਰ ਵਰਤਿਆ ਸੁਨਾਹਰ।

"ਮੈਂ ਇਸ ਦੇ ਏਹ ਅਰਥ ਸਮਝੇ ਨੇ ਕਿ ਛੱਤੀ ਯੁਗ ਲੱਗੇ ਗੈਸ ਦੀ ਸ਼ਕਲ ਤੋਂ ਠੋਸ ਧਰਤੀ ਬਣਨ ਤਕ। ਛੱਤੀ ਯੁਗਾਂ ਦਾ ਹਿਸਾਬ ਲਾਇਆ ਉਹ ਲੱਗ ਭੱਗ 7 ਅਰਬ ਅਠਾਈ ਕ੍ਰੋੜ ਸਾਲ ਬਣੇ। ਫੇਰ ਵੱਡੇ ਤੋਂ ਵੱਡੇ ਸਾਇੰਸ ਦਾਨਾਂ ਦੇ ਆਖਰੀ ਅੰਦਾਜੇ ਨਾਲ ਟਾਕਰਾ ਕੀਤਿਆਂ ਠੀਕ ਨਿਕਲਿਆ। ਪਰ ਅਸੀਂ ਏਹ ਝੇੜੇ ਸਾਇੰਸ ਦਾਨਾਂ ਲਈ ਛਡਕੇ ਏਸ ਤੁਕ ਵਲ ਜ਼ਿਆਦਾ ਗਹੁ ਕਰਦੇ ਹਾਂ। 'ਸਹਸ ਅਠਾਰਹ ਕਹਨਿ ਕਤੇਬਾਂ ਅਸਲੂ ਇਕੁ ਧਾਤੁ। ਭਾਵ ਅਸਲ ਵਿਚ ਸਭ ਇਕੋ ਸ਼ੈ ਹੈ। ਸੋ" ਆਦੇਸੁ ਤਿਸੈ ਆਦੇਸੁ, ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ।' ਏਸੇ ਦੀ ਹੈ ਪ੍ਰੋੜਤਾ 'ਜੋ ਕਿਛੁ ਪਾਇਆ ਸੁ ਏਕਾ ਵਾਰ' ਕਰਦਾ ਹੈ।

ਇਸਦਾ ਅਰਥ ਸਾਇੰਸ ਦੇ ਨਜਰੀਏ ਤੋਂ ਮੈਂ ਏਹ ਕਰਦਾ ਹਾਂ। ਕਿ ਜੋ

ਕੁਛ ਹੈ ਸਭ ਅਨਾਦੀ ਨਾਂ ਘਟ ਸਕਦਾ ਹੈ ਨ ਵਧ ਸਕਦਾ ਹੈ (Indes-tructibility of matter & conservation of energy)

ਜਪ ਜੀ ਸਾਹਿਬ ਦੇ ਅੰਤ ਦੀਆਂ ਪੌੜੀਆਂ ਵਿਚ ਪੰਜ ਦਰਜੇ ਆਤਮਕ ਉਨਤੀ ਦੇ ਦੱਸੇ ਹਨ।

੧. 'ਪਵਣ ਪਾਣੀ ਅਗਨੀ ਪਾਤਾਲ' ॥

'ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ'। ਅਰਥਾਤ ਏਹ ਦੁਨੀਆਂ ਧਰਮ ਕਰਨ ਦੀ ਥਾਂ ਹੈ। ਧਰਮ ਦਾ ਅਰਥ ਹੈ, ਮਨ, ਬਾਣੀ ਅਤੇ ਕਰਮ ਕਰਕੇ, ਸ੍ਰਿਸ਼ਟ ਦੇ ਭਲੇ ਦੇ ਕੰਮਾਂ ਵਿਚ ਉਮਰ ਬਿਤੌਣੀ।

੨. ਏਸ ਦਾ ਅਸਰ ਏਹ ਹੋਵੇਗਾ, ਕਿ ਤੁਹਾਡਾ ਮਨ ਨਿਰਮਲ ਅਤੇ ਦਿਮਾਗ ਸਾਫ ਹੋ ਜਾਵੇਗਾ, ਤੇ ਤੁਸੀਂ ਗਿਆਨ ਖੰਡ ਵਿਚ ਪਹੁੰਚ ਜਾਓਗੇ। ਲਿਖਿਆ ਹੈ।

ਗਿਆਨ ਖੰਡ ਮਹਿ ਗਿਆਨੁ ਪ੍ਰਚੰਡੁ। ਤਿਥੈ ਨਾਦ ਬਿਨੋਦ ਕੋਡ ਅਨੰਦੁ।

੩. ਸਰਮ ਖੰਡ ਕੀ ਬਾਣੀ ਰੂਪੁ। ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ।... ਤਿਥੈ ਘੜੀਐ ਸੁਰਤਿ, ਮਤਿ ਮਨਿ ਬੁਧਿ।

ਹੁਣ ਤੁਸੀਂ ਧਰਮ. ਅਰਥਾਤ ਸਮ ਭਾਵ ਪਰਉਪਕਾਰ ਲਈ ਜੀਵੋਗੇ ਤੇ ਰੂਪ ਭਾਵ (sense of beatitude) ਪੈਦਾ ਹੋ ਜਾਵੇਗੀ। ਕਿਉਂਕਿ ਤੁਹਾਡੇ ਸੁਰਤ ਮਤੁ ਮਨ ਅਤੇ ਬੁੱਧੀ ਉੱਚੇ ਦਰਜੇ ਦੀਆਂ ਅਤੇ ਸੋਹਣੀ ਸ਼ਕਲ ਦੀ ਘਾੜਤ ਵਿਚ ਘੜੀਆਂ ਜਾ ਚੁਕੀਆਂ ਹੋਣਗੀਆਂ।

੪. ਏਥੋਂ ਅੱਗੇ ਕਰਮ ਖੰਡ ਹੈ। ਵਾਹਿਗੁਰੂ ਦੀ ਬਖਸ਼ਸ਼ (ਕਰਮ) ਤੁਹਾਡੇ ਤੇ ਹੋਵੇਗਾ। ਤੇ ਤੁਸੀਂ ਬੇਹਦ ਆਤਮਕ ਬਲ ਦੇ ਮਾਲਕ ਹੋਵੋਗੇ। ਮਹਾਰਾਜ ਕਹਿੰਦੇ ਹਨ।

ਕਰਮ ਖੰਡ ਕੀ ਬਾਣੀ ਜੋਰੁ, ਤਿਥੈ ਹੋਰੁ ਨ ਕੋਈ ਹੋਰੁ

ਤਿਥੈ ਭਗਤ ਵਸਹਿ ਕੇ ਲੋਅ । ਕਰਹਿ ਅਨੰਦੁ ਸਚਾ ਮਨਿ ਸੋਇ ।

ਏਸ ਦਰਜੇ ਤੇ ਤੁਸੀਂ ਭਗਤੀ ਵਿਚ ਪੂਰਨ ਹੋ ਜਾਓਗੇ ਤੇ ਪੂਰਨ ਅਨੰਦ ਪ੍ਰਾਪਤ ਕਰੋਗੇ ਤੇ ਮਾਣੋਂਗੇ ।

(੫) ਇਸ ਦੇ ਨਾਲ ਹੀ ਸਚ ਖੰਡ ਹੈ ਤੇ "ਸਚ ਖੰਡਿ ਵਸੈ ਨਿਰੰਕਾਰੁ ।"

ਸੋ ਤੁਸੀਂ ਨਿਰੰਕਾਰ ਦੇ ਦੇਸ਼ ਪਹੁੰਚ ਜਾਓਗੇ । ਤੇ ਉਹਦੇ ਨਾਲ ਇਕ ਮਿਕ ਹੋ ਜਾਓਗੇ । ਜੀਵਨ ਮੁਕਤ ਤੇ ਸਦਾ ੧ ਦੇ ਨਾਲ ੧

ਪਰ "ਮਹਾਰਾਜ ਜੀ ਫੁਰਮਾਉਂਦੇ ਹਨ ਕਿ ਉਸ ਦਾ ਬਿਆਨ ਨਹੀਂ ਹੋ ਸਕਦਾ "ਨਾਨਕ ਕਥਨਾਂ ਕਰੜਾ ਸਾਰੁ ।"

ਭਾਵ ਏਹ ਹਾਲਤ ਕਥਨ ਤੋਂ ਬਾਹਰ ਤੇ ਅਨੁਭਵ ਹੀ ਕੀਤੀ ਜਾ ਸਕਦੀ ਹੈ । It can be realized but not described.

ਰਹਰਾਸ ਵਿਚ ਜਪ ਤਪ ਸੰਜਮ ਧਰਮ ਨੂੰ ਬਹੁਤ ਜਰੂਰੀ ਆਖਿਆ ਹੈ । ਜਪ ਦਾ ਮਤਲਬ ਹੈ ੧ ਨੂੰ ਯਾਦ ਰਖਣਾ "ਤਪ ਦੇ ਅਰਥ ਹਨ ਔਖੇ ਹੋ ਕੇ ਭੀ ਨੇਕ ਅਸੂਲਾਂ ਤੇ ਡਟੇ ਰਹਣਾਂ । ਅਤੇ ਹਡ ਭੰਨਵੀ ਕਾਰ ਕਰਨੀ । ਸੰਜਮ ਦਾ ਅਰਥ ਹਰ ਕੰਮ ਅਪਣੀ ਵਿਤ ਅਨੁਸਾਰ ਕਰਨਾਂ ਹੈ । ਵੱਧ ਨਹੀਂ ਪਰ ਘਟ ਭੀ ਨਹੀਂ ਕਰਨਾਂ ਸੁਸਤ ਨਹੀਂ ਹੋਣਾ ।

ਧਰਮ ਦਾ ਜ਼ਿਕਰ ਉੱਪਰ ਆ ਚੁੱਕਾ ਹੈ । ਲਿਖਿਆ ਹੈ :—

**ਜਪੁ ਤਪੁ ਸੰਜਮੁ ਧਰਮੁ ਨ ਕਮਾਇਆ**

**ਸੇਵਾ ਸਾਧ ਨ ਜਾਨਿਆ ਹਰਿ ਰਾਇਆ**

ਕਹੁ ਨਾਨਕ ਹਮ ਨੀਚ ਕਰੰਮਾ, ਸਰਣਿ ਪਰੇ ਕੀ ਰਾਖਹੁ ਸਰਮਾ ।

**ਸਾਧ ਦਾ ਅਰਥ ਹੈ**

ਨੇਕ ਆਦਮੀ ਜੋ ਜਪ ਤਪ ਸੰਜਮ ਤੇ ਧਰਮ ਤੇ ਪੱਕੇ ਹੋਣ । ਤੇ ਭੀਖ

ਆਦਿਕ ਨ ਮੰਗਦੇ ਫਿਰਨ। ਨਾ ਹੀ ਕਿਸੇ ਭੇਖ ਦਾ ਨਾਮ ਸਾਧ ਹੈ।

"ਜਬ ਉਦਕਰਖ ਕਰਾ ਕਰਤਾਰਾ, ਪਰਜਾ ਧਰਤ ਤਬ ਦੇਹ ਅਪਾਰਾ। ਜਬ ਆਕਰਖ ਕਰਤ ਹੋ ਕਬਹੂ-ਤੁਮ ਮਹਿ ਮਿਲਤ ਦੇਹ ਧਰ ਸਭਹੂੰ", ਬ੍ਰਹਮੰਡ ਦੇ ਬਣਨ ਤੇ ਪਹਲੇ ਕਾਲ ਖਤਮ ਹੋਣ ਦੀ ਬਾਬਤ ਹਨ। ਉਪਰੀਆਂ ਤੁਕਾਂ ਦਾ ਅਰਥ ਹੈ। ਜਦ ਹੇ ਕਰਤਾਰ ਤੂੰ ਉਦਕਰਖ, ਫੈਲਾਓ Centrifugal Force ਦੀ ਸ਼ਕਤੀ ਵਰਤਦਾ ਹੈ ਤਾਂ ਸਭ ਕੁਝ ਬਣ ਜਾਂਦਾ ਹੈ। ਤੇ ਜਦ ਤੂੰ ਆਕਰਖ ਅਰਥਾਤ ਖਿਚ ਦੀ ਤਾਕਤ Centripetal Force ਵਰਤਦਾ ਹੈ, ਤਾਂ ਸਭ ਸ੍ਰਿਸ਼ਟੀ ਤੇਰੇ ਵਿਚ ਮਿਲ ਜਾਂਦੀ ਹੈ। ਲੈ ਹੋ ਜਾਂਦੀ ਹੈ। ਤੇ ੧ ਰੂਪ ਹੋ ਜਾਂਦੀ ਹੈ।

ਕੀਰਤਨ ਸੋਹਿਲੇ ਵਿਚ ਆਰਤੀ ਆਦਿਕ ਕਰਮ ਕਾਂਡ ਤੋਂ ਵਰਜਿਆ ਹੈ।

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ। ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।

ਸਾਰੀ ਕੁਦਰਤ ਹੀ ਆਰਤੀ ਕਰ ਰਹੀ ਹੈ। ਤੇ ਫੇਰ ਕਿਹਾ ਹੈ। 'ਸਭ ਮਹਿ ਜੋਤਿ ਜੋਤਿ ਹੈ ਸੋਇ-ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ।'

ਤੁਸੀਂ ਤਾਂ ਬਹੁਤ ਉਤਾਵਲੇ ਬੈਠੇ ਹੋ। ਸੋ ਸੁਖਮਨੀ ਸਾਹਿਬ ਦੀਆਂ ਦੋ ਚਾਰ ਤੁਕਾਂ ਸੁਣਾਂ ਕੇ ਤੁਹਾਨੂੰ ਵਿਦਾ ਕਰ ਦਿੰਦੇ ਹਾਂ। 'ਸੁਣੋ' ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀਂ ਕੋਇ, ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ।

ਏਕੋ ਜਪ ਏਕੋ ਸਾਲਾਹਿ, ਏਕ ਸਿਮਰ ਏਕੋ ਮਨ ਆਹਿ। ਏਕਸ ਕੇ ਗੁਨ ਗਾਉ ਅਨੰਤ, ਮਨਿ ਤਨਿ ਜਾਪਿ ਏਕ ਭਗਵੰਤ। ਏਕੋ ਏਕੁ ਏਕੁ ਹਰਿ ਆਪਿ, ਪੂਰਨ ਪੂਰ ਰਹਿਓ ਪ੍ਰਭੁ ਬਿਆਪਿ, ਅਨਿਕ ਬਿਸਥਾਰ ਏਕ ਤੇ ਭਏ, ਏਕ ਅਰਾਧਿ ਪਰਾਛਤ ਗਏ। ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ, ਗੁਰ ਪ੍ਰਸਾਦਿ ਨਾਨਕ ਇਕੁ ਜਾਤਾ।

ਜੇ ਕਿਤੇ ਗੁਰੂ ਨਾਨਕ ਦਾ ੧ ਦਾ ਉਪਦੇਸ਼ ਸਾਰੇ ਭਾਰਤ ਵਾਸੀ ਤੇ ਖਾਸ

ਤੌਰ ਤੇ ਗੁਲਾਮ ਹਿੰਦੂ ਜਾਤੀ ਮਨ ਲੈਂਦੇ ਤਾਂ ਗੁਲਾਮੀ ਦੀਆਂ ਜੰਜੀਰਾ 1947 ਦੀ ਬਜਾਏ 1526 ਵਿਚ ਹੀ ਕਟੀਆਂ ਜਾਂਦੀਆਂ।

ਉਹ ਬੋਲੇ ਅੱਛਾ ਜੀ ਫੇਰ ਹੁਣ ਛੁੱਟੀ ਦਿਓ। ਤੁਸਾਂ ਤੇ ੧ ਤੋਂ ਅਰੰਭ ਕਰਕੇ ਗੱਲ ੧ ਤੇ ਹੀ ਮੁਕਾ ਦਿੱਤੀ।'

ਬਹੁਤ ਮੇਹਰ ਬਾਨੀ। ਮੈਂ ਆਖਿਆ ਤੇ 'ਕਿੱਤੇ ਕਿਤੇ ਬਾਣੀ ਦਾ ਪਾਠ ਭੀ ਸੁਣ ਲਿਆ ਕਰੋ।

"ਸੁਣਿਆ ਤਾਂ ਹੈ ਪਰ ਸਮਝ ਨਹੀਂ ਔਂਦੀ ਕਦੇ ਕੋਈ ਗੱਲ ਆ ਜਾਂਦੀ ਹੈ ਕਦੇ ਨਹੀਂ। ਸ਼ਬਦ ਮਜਮੂਨ ਵਾਰ ਨਹੀਂ ਲਿਖੇ ਹੋਏ। ਤੇ ਗਿਆਨੀ ਜੀ ਕਹਿੰਦੇ ਹਨ ਸਾਰੀ ਬਾਣੀ ਰਾਗ ਵਾਰ ਲਿਖੀ ਹੈ। ਮੈਂ ਹੈਰਾਨ ਹਾਂ ਕਿ ਏਹ ਕਿਓ ?"

ਮੈਂ ਆਖਿਆ "ਮੈਂ ਭੀ ਪਹਲਾਂ ੨ ਬੀ: ਏ: ਕਰਕੇ ਪਾਠ ਕਰਦਾ ਹੋਇਆਂ ਸੋਚਿਆ ਕਰਦਾ ਸਾਂ ਕਿ ਜੇ ਮਜਮੂਨ ਵਾਰ ਹੁੰਦੀ ਤਾਂ ਕੇਹਾ ਚੰਗਾ ਹੁੰਦਾ। ਪਰ ਹੁਣ ਕਾਫੀ ਦੇਰ ਤੋਂ ਮੈਨੂੰ ਇਸਦਾ ਪੂਰਾ ਗਿਆਨ ਹੋ ਗਿਆ ਹੈ, ਤੇ ਮੈਂ ਆਖਦਾ ਹਾਂ ਧੰਨ ਗੁਰੂ ਅਰਜਨ ਦੇਵ ਜੀ ਹਨ ਜਿਨ੍ਹਾਂ ਨੇ ਰਾਗ ਅਨੁਸਾਰ ਬਾਣੀ ਨੂੰ ਤਰਤੀਬ ਦਿੱਤੀ ਹੈ। ਤੇ ਆਮ ਕਿਤਾਬਾਂ ਵਾਂਗ ਨਹੀਂ ਕੀਤਾ।"

"ਤਾਂ ਫੇਰ ਮੈਨੂੰ ਭੀ ਏਹ ਗਲ ਸਮਝੋਣਾਂ। ਅਗਲੇ ਬੁਧਵਾਰ ਮੈਂ ਪੀਲੀ ਭੀਤੋਂ ਬੀ ਲੈ ਕੇ ਔਂਦਾ ਹੋਇਆ ਤੁਹਾਡੇ ਪਾਸ ਰਾਤ ਰਹਾਂਗਾ। ਜਰੂਰ ਜਰੂਰ !! ਮੈਨੂੰ ਬਹੁਤ ਖੁਸ਼ੀ ਹੋਵੇਗੀ।"

## "ਦੂਜੀ ਗੱਲ"

ਅਗਲੇ ਬੁਧਵਾਰ ਸ਼ਾਮ ਨੂੰ 5 ਕੁ ਬਜੇ ਮੈਂ ਬਾਗੀਚੇ ਵਿਚ ਟੈਹਲ ਰਿਹਾ ਸਾਂ ਪਰ ਮੇਰਾ ਦਿਲ ਨ ਫੁੱਲਾਂ ਵਲ ਖਿਚ ਖਾਂਦਾ ਸੀ, ਨ ਫਲਾਂ ਦੇ ਖਾਣ ਦਾ ਲਾਲਚ ਹੀ ਪੈਦਾ ਹੋਇਆ। ਮੈਂ ਇਹੀ ਸੋਚ ਰਿਹਾ ਸਾਂ ਕਿ ਇਕ ਪੜ੍ਹੇ ਲਿਖੇ ਨੌਜਵਾਨ ਨਾਲ ਮੈਂ ਕਿਵੇਂ ਗੱਲ ਕਰਾਂ। ਪਰ ਅੱਧੇ ਕੁ ਘੰਟੇ ਵਿਚ ਹੀ ਉਸਨੇ ਆ ਸਤਿ ਸ੍ਰੀ ਅਕਾਲ ਬੁਲਾਈ। ਕੁਝ ਜਲ ਪਾਣੀ ਛਕ ਛਕਾ ਕੇ ਆਰਾਮ ਨਾਲ ਬੈਠੇ ਤਾਂ

ਉਸ ਆਖਿਆ "ਫੇਰ ਭਾਈਆ ਜੀ ਉਹ ਸਵਾਲ ਹੁਣ ਮੈਨੂੰ ਸਮਝਾਓ। ਮੈਂ ਗੱਲ ਬਾਤ ਸ਼ੁਰੂ ਕੀਤੀ ਤੇ ਉਹ ਗਹੁ ਨਾਲ ਸੁਣਨ ਲਗਾ" "ਭਈ ਗਲ ਏਹ ਹੈ ਕਿ ਰਾਗ ਚੰਗਾ ਮਾੜਾ ਸਾਰੇ ਹੀ ਗਾਂਦੇ ਹਨ ਤੇ ਇਨਸਾਨ ਹੀ ਨਹੀਂ ਪੰਛੀ ਆਦਿਕ ਭੀ ਬੜੀਆਂ ਸੁਰੀਲੀਆਂ ਸੁਰਾਂ ਕਢਦੇ ਹਨ। ਤੁਸਾਂ ਦੇਖਿਆ ਹੋਇਗਾ ਕਿ ਸਵੇਰੇ ੨ ਪਹੁ ਫੁਟਾਲੇ ਜੇਹੇ ਕਈ ਚਿੜੀਆਂ ਬੋਲਦੀਆਂ ਹਨ ਤਾਂ ਐਓਂ ਜਾਪਦਾ ਹੈ ਕਿ ਕੰਨਾਂ ਵਿਚ ਅੰਮ੍ਰਿਤ ਚੋਇਆ ਜਾ ਰਿਹਾ ਹੈ। ਜੇ ਬੇ ਸੁਰੇ ਜਾਨਵਰਾਂ ਦਾ ਸਰਦਾਰ, ਕਾਂ, ਵਿਚ ਹੀ ਬੋਲ ਪਵੇ ਐਨਾਂ ਬੁਰਾ ਲਗਦਾ ਹੈ, ਕਿ ਜੀ ਕਰਦਾ ਹੈ ਗੋਲੀ ਮਾਰ ਦੇਈਏ।"

"ਹਾਂ ਏਹ ਤਾਂ ਠੀਕ ਹੈ" "ਤੁਸਾਂ ਏਹ ਭੀ ਸੁਣਿਆ ਹੋਵੇਗਾ ਕਿ ਜੋ ਪੁਰਸ਼ ਅਪਣੀ ਸੁਰਤ ਸਮੇਟ ਕੇ '੧' ਦਾ ਧਿਆਨ ਕਰਦੇ ਹਨ ਤੇ ਜਿਸਨੂੰ ਅਸੀਂ ਸਮਾਧੀ ਅਵਸਥਾ ਆਖਦੇ ਹਾਂ, ਉਹਨਾਂ ਨੂੰ ਅਨਹਦ ਸ਼ਬਦ ਦੀ ਝੁੰਕਾਰ, ਯਾ ਰੱਬੀ ਰਾਗ ਐਸੀ ਮਸਤ ਲੈ ਵਿਚ ਸੁਣਾਈ ਦਿੰਦਾ ਹੈ, ਕਿ ਉਸ ਦੇ ਅਨੰਦ ਵਿਚ ਦੁਨੀਆ ਤਾਂ ਕੀ ਉਹ ਅਪਣਾਂ ਆਪ ਭੀ ਭੁਲ ਜਾਂਦੇ ਹਨ। ਐਥੋਂ ਤੋੜੀ ਕਿ ਉਹਨਾਂ ਨੂੰ ਏਹ ਭੀ ਪਤਾ ਨਹੀਂ ਰਹਿੰਦਾ ਕਿ ਉਹਨਾਂ ਦਾ ਸ਼ਰੀਰ ਭੀ ਹੈ ਕਿ ਨਹੀਂ। ਇਕ ਵਿਸਮ ਦੀ ਬਦੇਹ ਅਵਸਥਾ ਹੋ ਜਾਂਦੀ ਹੈ।" "ਹਾਂ ਸੁਣਿਆ ਤਾਂ ਹੈ"

"ਏਸ ਅਨਹਦ ਸ਼ਬਦ ਨੂੰ ਅੰਗ੍ਰੇਜ਼ੀ ਵਿਚ music of the spheres ਕਹਿੰਦੇ ਹਨ ਅਰਥਾਤ ਸੂਰਜ ਦੇ ਗਿਰਦ ਘੁਮ ਰਹੀਆਂ ਜ਼ਮੀਨਾਂ ਤੇ ਉਹਨਾਂ ਦੇ ਦੁਆਲੇ ਭੌਂਦੇ ਹੋਏ ਚੰਦਾਂ ਦਾ ਰਾਗ।

"ਕੀ ਏਹਨਾਂ ਦੇ ਘੁਮੱਣ ਨਾਲ ਭੀ ਰਾਗ ਪੈਦਾ ਹੁੰਦਾ ਹੈ?" ਜੀ ਹਾਂ ਉਹ ਏਸ ਤਰਾਂ ਕਿ ਹਰ ਧਰਤੀ ਇਕ ਖਾਸ ਰਫਤਾਰ ਨਾਲ ਘੁਮਦੀ ਹੈ ਤੇ ਉਸਦੀ ਇਕ ਖਾਸ ਥਰਥਰਾਹਟ ਅਕਾਸ਼ ਵਿਚ ਪੈਦਾ ਹੁੰਦੀ ਹੈ। ਤਾਂ ਏਸ ਹਿਸਾਬ ਸੱਤਾਂ ਧਰਤੀਆਂ ਦੀਆਂ ਸਤ ਤਰ੍ਹਾਂ ਦੀਆਂ ਥਰਥਰਾਹਟਾਂ ਯਾ ਲਹਰਾਂ ਪੈਦਾ ਹੁੰਦੀਆਂ ਹਨ ਤੇ ਉਹਨਾਂ ਤੋਂ ਸਤ ਸੁਰਾਂ ਬਣੀਆਂ ਹਨ। ਜੋ ਅੰਦਰੂਨੀ ਯਾ ਸੂਖਸ਼ਮ ਕੰਨਾਂ ਨਾਲ ਸੁਣੀਆਂ ਜਾਂਦੀਆਂ ਹਨ। ਤੇ ਏਹ ਰਾਗ ਹਰ ਸਮੇਂ ਹੁੰਦਾ ਰਹਿੰਦਾ ਹੈ। ਤੇ ਏਸ ਦੀਆਂ ਲਹਰਾਂ ਹਰ ਪਾਸੇ ਫੈਲਦੀਆਂ ਰਹਿੰਦੀਆਂ ਹਨ। ਮਹਾਰਾਜ ਨੇ ਲਿਖਿਆ ਹੈ।

"ਗਾਵਨਿ ਤੁਧ ਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰੱਖੇ ਤੇਰੇ ਧਾਰੇ" ਕਿਉਂਕਿ ਏਸ ਤਰ੍ਹਾਂ ਹੀ ਸਾਰੀ ਕੁਦਰਤ ਨਿਯਮ ਬਧ ਚਲਦੀ ਹੋਈ ਰਾਗ ਅਲਾਪ ਰਹੀ ਹੈ।

ਏਹਨਾਂ ਸਤ ਸੁਰਾਂ ਨੂੰ ਅਨਭਵ ਕਰਕੇ ਮਹਾਂ ਪੁਰਸ਼ਾਂ ਨੇ ਰਾਗ ਦੀਆਂ ਸਤ ਸੁਰਾਂ ਬਣਾਈਆਂ ਹਨ। ਤੇ ਏਹਨਾਂ ਸੱਤਾਂ ਧਰਤੀਆਂ ਦੇ ਉਪ ਗ੍ਰਹ ਜੋ ਸੁਰਾਂ ਪੈਦਾ ਕਰਦੇ ਹਨ ਉਹ ਕੋਮਲ ਸੁਰਾਂ ਬਣੀਆਂ। ਜੋ ਸਾਰੀ ਦੁਨੀਆਂ ਵਿਚ ਪ੍ਰਚਲਤ ਹਨ। ਇਸ ਤੋਂ ਉਪਰੰਤ ਰਾਗ ਦੀਆਂ ਛੇ ਕਿਸਮਾਂ ਤੇ ਉਹਨਾਂ ਦੀਆਂ ਪੰਜ ੨ ਸ਼ਰੇਣੀਆਂ ਤੇ ਉਸ ਤੋਂ ਨੀਚੇ ਉਹਨਾਂ ਤੋਂ ਹੀ ਨਿਕਲੇ ਅਠ ੨ ਹੋਰ ਕਿਸਮਾਂ ਭੀ ਰਾਗ ਦੇ ਸਾਰੇ ਮਾਹਰ ਮੰਨਦੇ ਹਨ।

ਖਸ਼ਟ ਰਾਗ ਉਨ ਗਾਏ ਸੰਗ ਰਾਗਨੀ ਤੀਸ, ਸਭੈ ਪੁੱਤ੍ਰ ਰਾਗਨ ਕੇ ਅਠਾਰਹ ਦਸ ਬੀਸ। ਘਟੇ ਘਟ ਏਹ ਸਾਰੇ ਚੜ੍ਹਦੇ ਦੇ ਦੇਸਾਂ ਵਿਚ ਇਕੋ ਹੀ ਹਨ। ਲਹਿੰਦੇ ਦੇ ਦੇਸ਼ ਏਹਨਾਂ ਦੇ ਪੂਰੇ ਪਾਬੰਦ ਨਹੀਂ ਉਹ ਅਪਣੀ ਹੀ ਮਿਕਸਚਰ ਜੇਹੀ ਬਣਾ ਲੈਂਦੇ ਹਨ। ਚੜ੍ਹਦੇ ਵਾਲਿਆਂ ਨੂੰ ਉਹ ਬੜੇ ਅਜੀਬ ਜੇਹੇ ਲਗਦੇ ਹਨ। ਭਾਈ ਕਾਨ੍ਹ ਸਿੰਘ ਜਦ ਵਲੈਤ ਗਏ ਤੇ ਅੰਗ੍ਰੇਜ਼ਾਂ ਨੂੰ ਗੌਂਦੇ ਸੁਣਿਆਂ ਉਹ ਲਿਖਦੇ ਹਨ। ਕਿ ਤਦ ਮੈਨੂੰ ਸਮਝ ਆਈ, ਕਿ ਗੁਰੂ ਗ੍ਰੰਥ ਸਾਹਿਬ ਵਿਚ ਜੋ ਲਿਖਿਆ ਹੈ। ਏਕ ਸੁਆਨ ਕੇ ਘਰ ਗਾਵਣਾ, "ਦੋ ਸੁਆਨ ਕੇ ਘਰ ਗਾਵਣਾ" ਦਾ ਕੀ ਅਰਥ ਹੈ। ਕਿਉਂਕਿ ਜਿੱਥੇ ਇਕੱਲਾ ਅੰਗ੍ਰੇਜ਼ ਗੌਂਦਾ ਸੀ ਤਾਂ ਇਕ ਸੁਆਨ ਜਾਪਦਾ ਸੀ ਤੇ ਜਿੱਥੇ ਦੋ ਜਣੇ ਰਲਕੇ ਗੌਂਦੇ ਸਨ ਐਉਂ ਮਲੂਮ ਹੁੰਦਾ ਸੀ, ਕਿ ਦੋ ਸੁਆਨ ਰੋ ਰਹੇ ਹਨ। ਤੇ ਤੁਸੀਂ ਜਾਣਦੇ ਹੀ ਹੋ ਕਿ ਸੁਆਨ ਕੁਤੇ ਨੂੰ ਆਖਦੇ ਹਨ।

ਖੈਰ ਏਹ ਤੇ ਸੀ ਮਖੌਲ ਦੀ ਗਲ ਪਰ ਜਰਾ ਉੱਚੇ ਦਰਜੇ ਤੇ ਜਾਕੇ ਸਾਰੀ ਦੁਨੀਆਂ ਦਾ ਰਾਗ ਇਕ ਹੀ ਬਣ ਜਾਂਦਾ ਹੈ। ਆਮ ਰਾਗ ਗੌਣ ਵੇਲੇ ਲਫਜ਼ ਬਹੁਤੇ ਵਰਤੇ ਜਾਂਦੇ ਹਨ। ਕੁਝ ਸੂਖਸ਼ਮ ਹੋ ਜਾਏ ਤਾਂ ਇਕੋ ਖਿਆਲ ਬਾਰ ੨ ਪਰਗਟ ਕੀਤਾ ਜਾਂਦਾ ਹੈ। ਉਸ ਤੋਂ ਉੱਤੇ ਇਕ ਦੋ ਸਮਝ ਆ ਸਕਣ ਵਾਲੇ ਲਫਜ਼ ਬੋਲੇ ਜਾਂਦੇ ਹਨ। ਫੇਰ ਕਈ ਬਾਰ ਸਿਰਫ ਆਵਾਜ਼ ਦਾ ਉਤਾਰ ਚੜ੍ਹਾਉ ਹੀ ਰਾਗ ਹੁੰਦਾ ਹੈ। ਯਾ ਸਿਰਫ ਸਾਜ ਹੀ ਬਜਾਏ ਜਾਂਦੇ ਹਨ। ਉਹ ਧੀਮੇ ਹੁੰਦੇ ੨ ਕੰਨਾਂ ਨਾਲ

ਮਸਾਂ ਸੁਣਾਈ ਦਿੰਦੇ ਹਨ। ਇਸ ਤੋਂ ਉੱਤੇ ਰਾਗ ਦਸਵੇਂ ਦੁਆਰ ਤੇ ਸਿਰਫ ਅਨੁਭਵ ਹੀ ਹੁੰਦਾ ਹੈ। ਪਰ ਇਕ ਅਣੋਖਾ ਗੁਣ ਰਾਗ ਵਿਚ ਏਹ ਹੈ, ਕਿ ਜਿਉਂ ਜਿਉ ਏਹ ਸੂਖਸ਼ਮ ਹੁੰਦਾ ਜਾਂਦਾ ਹੈ ਬਹੁਤ ਅਨੰਦ ਦਾਇਕ ਬਣਦਾ ਜਾਂਦਾ ਹੈ। ਅਤੇ ਏਸ ਨੂੰ ਸੁਣਦਾ ੨ ਬੰਦਾ ਥੱਕਦਾ ਨਹੀਂ। ਸੋ ਅਨਹਦ ਸ਼ਬਦ ਜੋ ਦਸਵੇਂ ਦੁਆਰ ਵਿਚ ਹੁੰਦਾ ਹੈ, ਬੇਹਦ ਅਨੰਦ ਮਈ ਹੁੰਦਾ ਹੈ। ਸਦਾ ਹੁੰਦਾ ਰਹਿੰਦਾ ਹੈ, ਅਤੇ ਉਸ ਨੂੰ ਸੁਣਦਾ ਬੰਦਾ ਕਦੇ ਅਕਦਾ ਥਕਦਾ ਨਹੀਂ।

ਕੁਦਰਤ ਦੀਆਂ ਸੂਖਸ਼ਮ ਤਾਕਤਾਂ ਭੀ ਲਹਰਾਂ ਦੀ ਸਕਲ ਵਿਚ ਨਿਯਮ ਬਧ ਚਲਦੀਆਂ ਹੋਈਆ ਬੜੇ ਸੁਰੀਲੇ ਧੁਨ ਨਾਲ ਕੰਮ ਕਰਦੀਆਂ ਹਨ ਏਹਨਾਂ ਵਿਚੋਂ ਗਰਮੀ ਅਤੇ ਰੌਸ਼ਨੀ ਨੂੰ ਸਭ ਸਮਝਦੇ ਹਨ। ਸ਼ਕਤੀ ਸੂਰਜ ਦੀ ਹੈ। ਪਰ ਵੱਡੀਆਂ ਲਹਰਾਂ ਗਰਮੀ ਪੈਦਾ ਕਰਦੀਆਂ ਹਨ ਅਤੇ ਛੋਟੀ ਲੰਬਾਈ ਵਾਲੀਆਂ ਰੋਸ਼ਨੀ। ਤੀਸਰੀ ਤਾਕਤ ਜੋ ਕੁਦਰਤ ਵਿਚ ਕੰਮ ਕਰ ਰਹੀ ਹੈ, ਬਿਜਲੀ ਹੈ। ਫੇਰ ਮੈਗਨਟ ਸ਼ਕਤੀ ਦੀਆਂ ਲਹਿਰਾਂ ਹਨ। ਤੇ ਹੋਰ Electro-Magnetic ਬਿਜਲੀ ਤੇ ਮੈਗਨਟ ਦੇ ਮੇਲ ਨਾਲ ਬਣੀਆਂ ਹੋਈਆਂ ਹਨ। ਹੋਰ ਪਤਾ ਨਹੀਂ ਕਿੰਨੀਆਂ ਵਧ ਤੋਂ ਵਧ ਸੂਖਸ਼ਮ ਤਾਕਤਾਂ ਕੁਦਰਤ ਦਾ ਆਧਾਰ ਤੇ ਆਕਾਰ ਬਣਦੀਆਂ ਹਨ। ਪਰ ਏਹ ਸਾਰੀਆਂ ਇਕ ਐਸੀ (Harmonius whole) ਭਾਵ, ਸੁਰੀਲੀ ਇਕਾਈ ਬਣਾ ਦੀਆਂ ਹਨ। ਸਭ ਕੁਦਰਤ ਇਕ ਵਿਸਮਈ ਰਾਗ ਦਾ ਰੂਪ ਧਾਰਨ ਕਰ ਲੈਂਦੀ ਹੈ ਤਾਹੀਓ ਤਾਂ ਸਤਿਗੁਰੂ ਨਾਨਕ (ਆਖੋ ਧੰਨ ਗੁਰੂ ਨਾਨਕ !) ਨੇ ਸਭ ਸਫਰ ਦੇ ਸਾਮਾਨ ਦੇ ਥਾਂ ਇਕ ਸਰੰਦਾ ਤੇ ਉਸ ਨੂੰ ਬਜੌਣ ਵਾਲਾ ਭਾਈ ਮਰਦਾਨਾਂ ਹਮੇਸ਼ਾ ਨਾਲ ਰਖਿਆ। ਕਿਉਂ ਨ ਹੋਵੇ ! ਗੁਰੂ ਨਾਨਕ ਏਹ ਅਗਮੀ ਰੰਗੀਲੀ ਕੁਦਰਤ ਦੇ ਮਾਲਕ ਨਾਲ ਇਕ ਮਿਕ ਸਨ। ਜੇ ਉਹਨਾਂ ਉਪਦੇਸ਼ ਦਿੱਤਾ ਗਾਕੇ, ਨੁਕਤਾਚੀਨੀ ਕੀਤੀ ਤਾਂ ਗਾਕੇ, ਸਮਝਾਇਆ ਤਾਂ ਗਾਕੇ। ਹੋਰ ਐਵੇਂ ਤਾਂ ਨਹੀਂ ਸਿੱਖਾਂ ਦੇ ਘਰੀਂ ਜਨਮ ਸਮੇਂ ਕੀਰਤਨ, ਨਾਮ ਸੰਕਰਨ ਦੇ ਵੇਲੇ ਕੀਰਤਨ। ਵਿਆਹ ਦੇ ਸਮੇਂ ਕੀਰਤਨ ਤੇ ਮਿਰਤਕ ਸੰਸਕਾਰ ਸਮੇਂ ਕੀਰਤਨ ਹੁੰਦਾ।

ਏਸੇ ਲਈ ਹੀ ਬਾਣੀ ਦੀ ਤਰਤੀਬ ਰਾਗ ਵਾਰ ਰੱਖੀ ਗਈ ਹੈ। ਕਿ ਜੋ ਪੜ੍ਹੇ ਏਸੇ ਸੁਰੀਲੀ ਕੁਦਰਤ ਨਾਲ ਇਕਸਰ ਹੋ ਜਾਵੇ। ਤੇ ਮਾਇਕ ਦੁਨੀਆਂ ਦੇ

ਸੁਰਾਪਨ ਤੋਂ ਉਪਰ ਉਠ ਸਕੇ ।

ਪਿੰਡਾਂ ਵਿਚ ਅਨਪੜ੍ਹ ਜਟ ਭੀ ਨੁਕਸਦਾਰ ਬੰਦਿਆਂ ਨੂੰ ਬੇਸੁਰਾ ਸਦਦੇ ਹਨ । ਤੇ ਦੁਨੀਆਂ ਦੇ ਵੱਡੇ ਤੋਂ ਵੱਡੇ ਲੀਡਰ ਬੇਸੁਰੀਆਂ ਕਾਰਰਵਾਈਆਂ ਕਰਕੇ ਦੁਨੀਆਂ ਦੇ ਅਮਨ ਦੇ ਥਾਂ ਬੇਹਦ ਭਿਆਨਕ ਜੰਗ ਛੇੜਕੇ ਹਰ ਇਕ ਨੂੰ ਅਤਿਅੰਤ ਦੁਖੀ ਕਰ ਦਿੰਦੇ ਹਨ । ਤਬਾਹੀ ਤੋਂ ਪਿਛੋਂ ਜਦ ਇਕ ਮੇਜ ਦੇ ਦੁਆਲੇ ਬਹ ਕੇ ਇਕ ਸੁਰ ਹੋ ਜਾਂਦੇ ਹਨ, ਤਾਂ ਜਾ ਕੇ ਮਸੀਂ ਅਮਨ ਅਸਥਾਪਨ ਹੁੰਦਾ ਹੈ ਤੇ ਦੁਨੀਆਂ ਸੁਖ ਦਾ ਸਾਹ ਲੈਂਦੀ ਹੈ ।

ਰੂਹਾਨੀ ਉਨਤੀ ਲਈ ਭੀ ਕੀਰਤਨ ਕਰਨਾ ਯਾ ਇਕ ਮਨ ਹੋਕੇ ਪਰੇਮ ਨਾਲ ਸੁਣਨਾਂ ਸਭ ਸਾਧਨਾਂ ਨਾਲੋਂ ਸ੍ਰੇਸ਼ਟ ਸਾਧਨ ਮੰਨਿਆ ਗਿਆ ਹੈ ਤੇ ਲਿਖਿਆ ਹੈ :—

"ਗੁਰਬਾਣੀ ਗਾਵੋ ਭਾਈ, ਏਹ ਸਫਲ ਸਦ ਸੁਖਦਾਈ" ਪੜ੍ਹੋ ਵਿਚਾਰੋ, ਯਾਦ ਕਰੋ, ਮਨ ਵਿਚ ਵਸਾਓ ਤੇ ਅਸਲੀ ਜਿੰਦਗੀ ਦਾ ਹਿੱਸਾ ਗੁਰਬਾਣੀ ਨੂੰ ਬਣਾਓ । ਪਰ ਗਾਵੋ ਜਰੂਰ ! ਕੀਰਤਨ ਸੋਨੇ ਤੇ ਸੁਹਾਗੇ ਦਾ ਕੰਮ ਦੇਵੇਗਾ । ਕਿਉਂਕਿ ਕੀਰਤਨ ਨਿਰਮੋਲ ਹੀਰਾ ਹੈ ਲਿਖਿਆ ਹੈ :—

ਬਾਣੀ ਤਾਂ ਗਾਵੋ ਗੁਰੂ ਕੇਰੀ ਬਾਣੀਆਂ ਸਿਰ ਬਾਣੀ ।

ਜਿਨ ਕੋ ਨਦਰ ਕਰਮ ਹੋਵੈ ਹਿਰਦੇ ਤਿਨ੍ਹਾਂ ਸਮਾਣੀ<br>
ਕਹੁ ਨਾਨਕ ਸਦਾ ਗਾਵੋ ਏਹ ਸਚੀ ਬਾਣੀ ।

ਦੁਨੀਆਂ ਦੇ ਹਰ ਕੰਮ ਵਿਚ ਕੋਮਲ ਸੁਰ ਮਿਠੇ ਬਚਨ ਤੇ ਪ੍ਰੇਮ ਭਰੀ ਮਿਠੀ ਆਵਾਜ਼ ਨਾਲ ਕੌਣ ਹੈ ਜੋ ਜਿਤਿਆ ਨਹੀਂ ਜਾ ਸਕਦਾ । ਪਥਰ ਭੀ ਮੋਮ ਹੋ ਜਾਂਦੇ ਹਨ । ਉਲਟੇ ਪਾਸੇ ਲੱਗੇ ਹੋਏ ਨੌਜਵਾਨਾਂ ਨੇ ਆਪਣੀਆਂ ਲੱਖਾਂ ਦੀਆਂ ਜਾਇਦਾਦਾਂ ਵਿਰਸੇ ਵਿਚ ਮਿਲੀਆਂ ਮਹਲ ਮਾੜੀਆਂ ਵੇਸਵਾ ਤੇ ਬਦਕਾਰ ਲੋਕਾਂ ਦੇ ਰਾਗ ਤੇ ਮਸਤ ਹੋ ਕੇ ਗਵਾ ਦਿੱਤੀਆਂ. ਭੰਗ ਦੇ ਭਾੜੇ ਲੁਟਾ ਦਿੱਤੀਆਂ । ਕਈਆਂ ਨੇ ਫੇਰ ਭੀ ਉਹਨਾਂ ਦਾ ਸਾਥ ਨ ਛਡਿਆ । ਨੌਕਰ ਦੇ ਤੌਰ ਤੇ ਉਥੇ ਹੀ ਸਾਰਾ ਜਨਮ

ਗਵਾ ਲਿਆ। ਏਹ ਰਾਗ ਦੀ ਤਾਕਤ ਹੈ। ਬੁਰਾਈ ਉਸ ਤਾਕਤ ਨੂੰ ਬੁਰੇ ਪਾਸੇ ਵਰਤਣ ਵਾਲਿਆਂ ਦੀ ਹੈ, ਯਾ ਉਲਟੇ ਰਸਤੇ ਪਏ ਬੇ ਸੂਝ ਇਨਸਾਨਾਂ ਦੀ। ਏਸੇ ਲਈ ਹੁਕਮ ਹੈ, ਉੱਚੇ ਤੋਂ ਉੱਚੇ ਦਰਜੇ ਦਾ ਰਾਗ ਸੁਣੋ। ਗਾ ਸਕੋ ਤਾਂ ਗਾਓ ਪਰ ਗਾਵੋ ਤੇ ਸੁਣੋ ਸਚੀ ਬਾਣੀ। ਹੋਰ ਪੱਕੀ ਕੀਤੀ ਹੈ ਕਿ ਭੁਲਕੇ ਭੀ ਕਦੀ ਕੱਚੀ ਬਾਣੀ ਨਾਂ ਗਾਵੋ।

ਸਤਿਗੁਰੂ ਬਿਨਾਂ ਹੋਰ ਕੱਚੀ ਹੈ ਬਾਣੀ, ਬਾਣੀ ਤਾਂ ਕਚੀ ਸਤਿਗੁਰੂ ਬਾਝੋਂ ਹੋਰ ਕੱਚੀ ਬਾਣੀ, ਕਹੰਦੇ ਕੱਚੇ ਸੁਣਦੇ ਕੱਚੇ ਕਚੀ ਆਖ ਵਖਾਣੀ।"

ਗੁਰੂ ਗਰੰਥ ਸਾਹਿਬ ਦੇ ਹਰ ਇਕ ਰਾਗ ਵਿਚ ਸਭ ਪਾਤਸ਼ਾਹੀਆਂ ਦੀ ਬਾਣੀ ਦਰਜ ਹੈ ਸਾਰੇ ਮਜ਼ਮੂਨਾਂ ਦੇ ਸ਼ਬਦ ਦਰਜ ਹਨ। ਤੇ ਬੜੇ ਥੋੜੇ ੨ ਲਫਜ਼ਾਂ ਵਿਚ ਬੇਹਦ ਡੂੰਘੀਆਂ ਗੱਲਾਂ ਸਮਝਾਈਆਂ ਹਨ। ਜਿਥੋਂ ਭੀ ਖੋਲੋ ਹਰ ਇਕ ਪੰਦਾਰਥ ਅਨਮੂਲ ਮੋਤੀ ਅਪਣੀ ਸੂਝ ਤੇ ਜਰੂਰਤ ਮੁਤਾਬਕ ਚੁਣ ਲਵੋਂ।

ਆਦਿ ਗ੍ਰੰਥ ੧ ਤੋਂ ਅਰੰਭ ਹੁੰਦਾ ਹੈ ਤੇ ਅੰਤ ਮੁੰਦਾਵਣੀ ਮਹੱਲਾ ਪ ਹੈ।

'ਥਾਲ ਵਿਚ ਤਿਨ ਵਸਤੂ ਪਈਓ ਸਤ ਸੰਤੋਖ ਵੀਚਾਰੋ-ਅੰਮ੍ਰਿਤ ਨਾਮ ਠਾਕੁਰ ਕਾ ਪਇਓ ਜਿਸ ਕਾ ਸਭਸ ਆਧਾਰੋ।'

ਥਾਲ, ਸ੍ਰੀ ਗੁਰੂ ਗ੍ਰੰਥ ਸਾਹਿਬ, ਵਿਚ ਸਤਿ ਸੰਤੋਖ ਵੀਚਾਰ ਭੇਰ ਹੋਏ ਹਨ। ਤੇ ਨਾਮ ਅੰਮ੍ਰਿਤ ਨਾਲ ਨੱਕਾ ਨਕ ਭਰਪੂਰ ਹੈ। ਏਹ ਚਾਰੇ ਚੀਜ਼ਾ ਹਰ ਜਗ੍ਹਾ ਹਨ। ਥਾਲ ਬੇਅੰਤ ਵੱਡਾ ਹੈ, ਐਡਾ ਵੱਡਾ ਕਿ ਸਭ ਜੀਵ ਆਤਮਾਂ ਇਸ ਦੇ ਉਦਾਲੇ ਬੈਠਕੇ ਅੰਮ੍ਰਿਤ ਭੋਜਨ ਛਕ ਕੇ ਤ੍ਰਿਪਤ ਹੋ ਸਕਣ। ਨਾਲੇ ਹਰ ਥਾਂ ਹਰ ਸ਼ੈ ਹਰੇਕ ਦੇ ਹਥ ਹੇਠ ਹੈ। ਛਕੋ ਤੇ ਰਜ ੨ ਕੇ ਛਕੋ। ਤੇ ਆਤਮਕ ਭੁਖ ਦੂਰ ਕਰਕੇ "ਲੋਕ ਸੁਖੀਏ ਪ੍ਰਲੋਕ ਸੁਹੇਲੋ' ਹੋ ਜਾਓ।' ਤੇ ਫੇਰ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ ਹਰ ਪ੍ਰਭ ਆਪੇ ਮੇਲੇ। ਮੁੰਦਵਣੀ ਤੋਂ ਪਿਛੋਂ ਸਲੋਕ ਮੇਲਾਪ ਤੇ ਬਾਣੀ ਦਾ ਭੋਗ ਪਾਇਆ ਹੈ, ਤੇ ਅਖੀਰਲੀ ਤੁਕ ਹੈ—"ਨਾਨਕ ਨਾਮ ਮਿਲੇ ਤਾਂ ਜੀਵਾਂ ਤਨ ਮਨ ਥੀਵੇ ਹਰਿਆ। ਸੋ ਗੁਰੂ ਗ੍ਰੰਥ ਸਾਹਿਬ '੧' ਤੇ ਅਰੰਭ ਹੁੰਦਾ ਹੈ ਅਤੇ ਉਸੇ

੧ਓ ਦੇ ਨਾਮ ਦੀ ਸਿਫਤ ਸਲਾਹ ਤੇ ਭੋਗ ਪਾਇਆ ਗਿਆ ਹੈ।

ਭਈ ਹੁਣ ਆਰਾਮ ਕਰੀਏ ਤੁਹਾਡੇ ਵਰਗੇ ਪੜ੍ਹੇ ਲਿਖੇ ਸਿਆਣੇ ਬੰਦਿਆਂ ਨੂੰ ਬਹੁਤਾ ਸਮਝੌਣ ਦੀ ਲੋੜ ਨਹੀਂ ਹੁੰਦੀ। ਬਸ ਇਸ਼ਾਰਾ ਹੀ ਕਾਫੀ ਹੁੰਦਾ ਹੈ। ਤੇ ਫੇਰ ਉਹ ਖੁਦ ਹੀ ਅਪਣੀ ਵਿਚਾਰ ਦੁਆਰਾ ਪੂਰੀ ਤਰ੍ਹਾਂ ਸਮਝ ਜਾਂਦੇ ਹਨ। ਬਸ, ਕੁਝ ਕੁ ਆਮ ਗੱਲਾਂ ਵਲ ਮੈਂ ਤੁਹਾਡਾ ਧਿਆਨ ਦਿਵੌਣਾਂ ਚਾਹੁੰਦਾ ਹਾਂ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਦੁਨੀਆਵੀ ਤੌਰ ਤੇ ਵੀ ਰਾਗ ਕੇਡੀ ਵਡੀ ਸੈ ਹੈ।

1. ਪੁਰਾਣੇ ਜਮਾਨੇ ਵਿਚ ਕਈ ਬੀਮਾਰੀਆਂ ਦਾ ਇਲਾਜ ਰਾਗ ਦੁਆਰਾ ਕੀਤਾ ਜਾਂਦਾ ਸੀ। ਤੇ ਹੁਣ ਕਈ ਡਾਕਟਰ ਹਾਲਾਤ ਦੇ ਮੁਤਾਬਕ ਏਹੋ ਤਰੀਕਾ ਵਰਤਦੇ ਹਨ।

2. ਬਚਿਆਂ ਦੇ ਸੁਲੌਣ ਲਈ ਮਾਵਾਂ ਲੋਰੀਆਂ ਦਿੰਦੀਆਂ ਹਨ।

3. ਮਸ਼ੀਨਰੀ ਭੀ ਤੱਦੇ ਠੀਕ ਚਲਦੀ ਹੈ ਜੇ ਸੁਰ ਤਾਲ ਨਾਲ ਚੱਲੇ। ਜੇ ਉਸਦਾ timing ਭਾਵ ਸੁਰ ਤਾਲ ਗਲਤ ਹੋਵੇ ਨੁਕਸ ਪੈ ਜਾਦਾ ਹੈ।

4. ਸਾਇੰਸ ਦਾਨਾ ਨੇ ਤਜਰਬੇ ਕੀਤੇ ਹਨ। ਕਿਸੇ ਬਾਗ ਦੇ ਬੂਟਿਆਂ ਕੋਲ ਰਾਗ ਗਾਇਆ ਜਾਵੇ ਤਾਂ ਉਹ ਬੇਹਤਰ ਫਲ ਫੁਲ ਪੈਦਾ ਕਰਦੇ ਹਨ।

5. ਜੋ ਟਬਰ ਇਕ ਸੁਰ ਚਲਦੇ ਹਨ ਵਧਦੇ ਫੁਲਦੇ ਹਨ।

6. ਸ੍ਰੀ ਲਕਸ਼ਮਣ ਜੀ ਨੇ ਸਰੂਪ ਨਖਾ ਦਾ ਨਕ ਕਟ ਕੇ ਅਜੀਬ ਬੇਸੁਰਾ ਕੰਮ ਕੀਤਾ ਤੇ ਐਸਾ ਵਿਗਾੜ ਪੈਦਾ ਕੀਤਾ ਕਿ ਅਖੀਰ ਤਕ ਸ੍ਰੀ ਰਾਮ ਚੰਦਰ ਜੀ ਅਤੇ ਸੀਤਾ ਜੀ ਦੀ ਜ਼ਿੰਦਗੀ ਬੇ ਸੁਆਦ ਰਹੀ।

7. ਦੁਨੀਆਂ ਵਿਚ ਅਕਸਰ ਕੰਮਾਂ ਵਿਚ ਰਾਗ ਨਾਲ ਅਕੇਵਾਂ ਥਕੇਵਾਂ ਦੂਰ ਕੀਤਾ ਜਾਂਦਾ ਹੈ। ਜੇਹਾ ਕਿ :—

ਤ੍ਰਿੰਞਣਾਂ ਵਿਚ ਰਾਗ, ਬੇੜੀ ਚਲੌਣ ਲੱਗੇ ਰਾਗ। ਚੱਕੀ ਪੀਂਹਦੀਆਂ ਜਨਾਨੀਆਂ ਭੀ ਰਾਗ ਗਾਇਆ ਕਰਦੀਆਂ ਸਨ। ਫੌਜਾਂ ਦੇ ਮਾਰਚ ਸਮੇਂ ਰਾਗ,

ਮੇਲਿਆਂ ਵਿਚ ਰਾਗ, ਨਾਚ ਭੰਗੜਾ ਆਦਿਕ ।

8. ਦਿਮਾਗ ਦੇ ਹਿਸਿੱਆਂ ਦਾ ਸੁਰ ਤਾਲ ਟੁਟ ਜਾਏ ਤਾਂ ਪਾਗਲ ਪਨ ਤਕ ਨੌਬਤ ਆ ਜਾਂਦੀ ਹੈ ।

ਗਲ ਕੀ ਸੁਰਤਾਲ ਇਕ ਵੱਡੀ ਉਸਾਰੂ ਸ਼ਕਤੀ ਹੈ ਤੇ ਬੇਸੁਰਾ-ਪਨ ਬਰਬਾਦੀ ।

"ਭਾਈਆ ਜੀ ਤੁਸਾਂ ਤੇ ਏਹ ਸਾਬਤ ਕਰ ਦਿੱਤਾ ਹੈ, ਕਿ ਕੁਦਰਤ ਵਿਚ ਵੀ ਰਾਗ ਪ੍ਰਧਾਨ ਹੈ ਤੇ ਹਰ ਜਗ੍ਹਾ ਹੈ ।"

"ਠੀਕ ਬਿਲਕੁਲ ਠੀਕ ਬਿਲਕੁਲ ਠੀਕ !! ਤੇ ਏਸੇ ਕਰਕੇ ਗੁਰਬਾਣੀ ਦੀ ਤਰਤੀਬ ਮਹਾਰਾਜ ਨੇ ਰਾਗ ਵਾਰ ਰਖੀ ਹੈ ।

## "ਤੀਜੀ ਗੱਲ"

ਕਾਫੀ ਚਿਰ ਪਿਛੋਂ ਓਹੀ ਸਜਣ ਫੇਰ ਆਏ । ਜਦ ਆਰਾਮ ਨਾਲ ਬੈਠੇ ਤਾਂ ਉਹ ਬੋਲੇ "ਮੈਂ ਸਮਝ ਲਿਆ ਹੈ । ਕਿ ਪਾਠ ਨਿਤਨੇਮ ਦਾ ਬਹੁਤ ਲਾਭ ਹੈ । ਕਈ ਭਾਈ ਚਾਰਕ ਇਕੱਠਾਂ ਅਤੇ ਗੁਰਪੁਰਬਾਂ ਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਭੀ ਪਹਿਲਾਂ ਨਾਲੋਂ ਜ਼ਿਆਦਾ ਦੇਰ ਅਤੇ ਗਹੁ ਨਾਲ ਸੁਣਦਾ ਰਿਹਾ ਹਾਂ ਪਰ ਸ਼ੰਕੇ ਮਨ ਵਿਚ ਉਠਦੇ ਹੀ ਰਹਿੰਦੇ ਹਨ । ਹੁਣ ਏਹ ਸ਼ੰਕਾ ਹੋਇਆ ਹੈ । ਕਿ ਸਭ ਮਿਸਾਲਾਂ (ਉਦਾਹਰਣਾਂ) ਤੋਂ ਜਿਆਦਾ ਬਾਣੀ ਵਿਚ ਪਰਮਾਤਮਾਂ ਨੂੰ ਪਤੀ ਅਤੇ ਜੀਵ ਆਤਮਾਂ ਨੂੰ ਇਸਤ੍ਰੀ ਕਿਉਂ ਲਿਖਿਆ ਗਿਆ ਹੈ !

ਭਾਈ ਜੀ ਕਹਣ ਲੱਗੇ । "ਜੋ ਮਹਾਰਾਜ ਜੀ ਮਰਜ਼ੀ, ਉਹ ਠੀਕ ਪਰ ਜੀ ਇਉਂ ਪੜ੍ਹੇ ਲਿਖੇ ਆਦਮੀ ਦੀ ਤਸੱਲੀ ਤਾਂ ਨਹੀਂ ਨਾਂ ਹੁੰਦੀ । ਕੀ ਤੁਸੀਂ ਏਸ ਤੇ ਕੁਝ ਚਾਨਣ ਪਾ ਸਕਦੇ ਹੋ ?"

ਮੈਂ ਆਖਿਆ "ਏਹਦੇ ਵਿਚ ਤਾਂ ਬਹੁਤੀ ਲੰਮੀ ਚੌੜੀ ਫਿਲਾਸਫੀ ਘੋਟਣ ਦੀ ਲੋੜ ਨਹੀਂ । ਸਿਰਫ ਹਿਸਟਰੀ ਤੇ ਪ੍ਰਤੱਖ ਪ੍ਰਮਾਣ ਹੀ ਕਾਫੀ ਹਨ ਸੋ ਮੈਂ ਅਪਣੀ ਬੁੱਧੀ ਅਨੁਸਾਰ ਤੁਹਾਡੇ ਵਿਚਾਰ ਗੋਚਰੇ ਕਰਦਾ ਹਾਂ ।

ਕਿਸੇ ਵੱਡੀ ਲੋੜੀਂਦੀ ਸ਼ੈ ਪ੍ਰਾਪਤ ਕਰਨ ਲਈ ਏਹਨਾਂ ਚੀਜ਼ਾਂ ਦੀ ਲੋੜ ਹੁੰਦੀ ਹੈ।

1. ਪ੍ਰਚੱਲਤ ਤੇ ਪਰਖੇ ਢੰਗਾਂ ਦੀ ਵਾਕਫੀ
2. ਲਗਨ
3. ਨਿੰਮ੍ਰਤਾ
4. ਕੁਰਬਾਨੀ, ਆਪਾ ਵਾਰਨਾਂ
5. ਜਰੂਰੀ ਮੇਹਨਤ, ਤੇ
6. ਲਿਆਕਤ

ਆਤਮਾਂ ਨੂੰ ਪ੍ਰਮਾਤਮਾਂ ਨਾਲ ਮਿਲਣ ਲਈ ਏਹ ਸਾਰੇ ਗੁਣ ਜਰੂਰੀ ਹਨ। ਤੇ ਏਹ ਸਾਰੇ ਪਤੀਬ੍ਰਤਾ ਇਸਤ੍ਰੀ ਨਾਲੋਂ ਵਧ ਹੋਰ ਕਿਸੇ ਇਨਸਾਨ ਵਿਚ ਨਹੀਂ ਹਨ। ਏਸ ਲਈ ਹਿੰਦੋਸਤਾਨ ਦੇ ਭਗਤ ਜਨ ਅਪਣੇ ਇਸ਼ਟ ਦਾ ਨਾਮ ਜਪਦਿਆਂ ਉਹਨਾਂ ਦੀ ਇਸਤ੍ਰੀ ਦਾ ਨਾਮ ਨਾਲ ਨਾਲ ਹੀ ਜਪਦੇ ਰਹੇ ਹਨ। ਨਾਲ ਨਾਲ ਹੀ ਨਹੀਂ ਇਸਤ੍ਰੀ ਦਾ ਨਾਮ ਪਹਲਾਂ ਤੇ ਇਸ਼ਟ ਦਾ ਪਿੱਛੋਂ। ਜਿਵੇਂ ਸੀਤਾ ਰਾਮ, ਰਾਧੇ ਕ੍ਰਿਸ਼ਨ ਲਛਮੀ ਨਾਰਾਇਣ ਆਦਿਕ। ਦੇਵਤਿਆਂ ਦੇ ਨਾਲ ਹੀ ਦੇਵੀਆਂ ਦੀ ਪੂਜਾ ਉਨ੍ਹਾਂ ਤੋਂ ਭੀ ਵਧ ਹੁੰਦੀ ਰਹੀ ਹੈ। ਬਹੁਤੀ ਮਹਤਤਾ ਤਾਂ ਏਸ ਲਈ ਭੀ ਦਿੱਤੀ ਜਾਦੀ ਰਹੀ ਹੈ, ਕਿ ਦੁਨੀਆਂ ਦੀ ਅੱਗੋ ਤੋਂ ਅੱਗੇ ਪੈਦਾਇਸ਼ ਦਾ ਸਿਲਸਿਲਾ ਜਾਰੀ ਰਖਣ ਲਈ ਕੁਦਰਤ ਵਿਚ ਜਿਨਸੀ ਤਅਲਕਾਤ ਹੀ ਵਰਤੇ ਜਾਂਦੇ ਹਨ।

ਨ ਸਿਰਫ ਤੁਰਦੇ ਫਿਰਦੇ ਜਾਨਵਾਰਾਂ ਵਿਚ ਤੇ ਪੰਛੀਆਂ ਆਦਿਕ ਵਿਚ ਬਲਕਿ ਬਨਾਸਪਤੀ ਵਿਚ ਭੀ ਨਰ ਮਦੀਨ ਹਿੱਸੇ ਫੁੱਲਾਂ ਵਿਚ ਪਾਏ ਜਾਂਦੇ ਹਨ। ਕਈ ਸ਼੍ਰੇਣੀਆਂ ਵਿਚ ਜਿਵੇਂ ਪਪੀਤਿਆ ਵਿਚ ਨਰ ਮਦੀਨ ਬੂਟੇ ਅੱਡ ਅਡ ਹੁੰਦੇ ਤੇ ਕਦੂ ਆਦਿਕ ਸਬਜ਼ੀਆਂ ਵਿਚ ਨਰ ਮਦੀਨ ਫੁਲ ਅਡ ੨ ਹਨ। ਜੇ ਨਿਰੇ ਨਰ ਫੁਲ ਹੀ ਹੋਣ ਤਾਂ ਫਲ ਨਹੀ ਬਣਦਾ. ਤੇ ਜਮੀਦਾਰਾਂ ਨੇ ਉਹਨਾਂ ਦਾ ਨਾਂ ਝੂਠੇ ਫੁਲ ਰਖਿਆ ਹੋਇਆ ਹੈ ਪਰ ਉਹਨਾਂ ਬਗੈਰ ਨਿਰੇ ਮਦੀਨ ਫੁੱਲ (ਸੁਚੇ ਫਲ) ਭੀ

ਇਕੱਲੇ ਫਲ ਪੈਦਾ ਨਹੀਂ ਕਰ ਸਕਦੇ। ਏਹ ਤਾਂ ਮੈਂ ਤੁਹਾਨੂੰ ਮਾਦੀ ਦੁਨੀਆ ਦੀਆਂ ਮਿਸਾਲਾਂ ਦਿੱਤੀਆਂ ਹਨ। ਮੈਨੂੰ ਇਓਂ ਜਾਪਦਾ ਹੈ ਕਿ ਬਿਜਲੀ ਦੀਆਂ ਦੋ ਕਿਸਮਾ + ਤੇ — ਭੀ ਨਰ ਮਦੀਨ ਵਾਂਙ ਮਿਲਕੇ ਹੀ ਕੋਈ ਕੰਮ ਚਲਾ ਸਕਦੀਆਂ ਹਨ। ਮੁਕਦੀ ਗੱਲ ਏਹ ਹੈ, ਕਿ Sex ਦਾ ਗੂੜ੍ਹਾ ਪ੍ਰਭਾਵ ਦੁਨੀਆਂ ਦੇ ਹਰ ਸੰਤੇ ਤੇ ਪਿਆ ਹੋਇਆ ਹੈ। ਤੇ ਏਸ ਦੀ ਸਿਖਰ ਏਹ ਹੈ ਕਿ ਸ਼ਿਵ ਪਾਰਬਤੀ ਦੀ ਪੂਜਾ ਕਰਨ ਵਾਲਿਆਂ ਨੇ ਸ਼ਿਵਲਿੰਗ ਦੀ ਪੂਜਾ ਕਰਨ ਲਈ ਬੇਸ਼ੁਮਾਰ ਸ਼ਿਵ ਦੁਆਲੇ ਬਣਾਏ ਹੋਏ ਹਨ। ਕੇਵਲ ਏਸ ਦੁਨੀਆਂ ਵਿਚ ਹੀ ਏਹ ਕੁਝ ਨਹੀਂ ਹੈ। ਆਸ-ਮਾਨੀ ਤਾਕਤਾਂ ਵਿਚੋਂ ਇੰਦ੍ਰ ਦੇਵਤਾ ਤੇ ਉਸਦੀਆਂ ਅਪਛੱਰਾਂ ਦੇ ਕਿੱਸੇ ਬੇਅੰਤ ਮਸ਼ਹੂਰ ਹਨ। ਮੁਸਲਮਾਨਾਂ ਦੇ ਸੁਰਗ (ਬਹਿਸ਼ਤ) ਦਾ ਨਕਸ਼ਾ ਹੀ ਅਜੀਬ ਹੈ। ਉਥੇ ਸੇਵਾ ਲਈ ਗੁਲਾਮ, ਤੇ ੭੨, ੭੨ ਹੂਰਾਂ ਫੀ ਕਸ (ਹਰ ਬੰਦੇ ਲਈ) ਤੇ ਸ਼ਰਾਬ ਦੀਆਂ ਨਹਰਾਂ ਹਨ। ਏਸ ਤੇ ਹੀ ਬਸ ਨਹੀਂ ਇਸ਼ਕੇ ਮਿਜ਼ਾਜੀ ਤੇ ਇਸ਼ਕੇ ਹਕੀਕੀ ਤੋਂ ਉਪਰੰਤ ਵਾਰਸ ਸ਼ਾਹ ਨੇ ਤਾਂ ਰਬ ਨੂੰ ਭੀ ਆਸ਼ਕ ਬਣਾ ਦਿੱਤਾ ਹੈ ਏਹ ਆਖਕੇ ਕਿ :—

**ਪਹਲੋਂ ਇਸ਼ਕ ਖੁਦਾ ਨੇ ਆਪ ਕੀਤਾ**
**ਤੇ ਮਾਸ਼ੂਕ ਹੈ ਨਬੀ ਰਸੂਲ ਮੀਆਂ**

ਏਹ ਤਾਂ ਮੈਂ ਇਸ਼ਾਰੇ ਮਾਤ੍ਰ ਉਸ ਵਕਤ ਦੇ ਮਜ਼੍ਹਬਾਂ ਧਰਮਾਂ ਦੇ ਪ੍ਰਚਲਤ ਖਿਆਲਾਂ ਤੇ ਕੁਦਰਤ ਦਾ ਕੁਝ ੨ ਜ਼ਿਕਰ ਕੀਤਾ ਹੈ। ਗੁਰੂ ਮਹਾਰਾਜ ਨੇ ਏਹਨਾਂ ਸਾਰੇ ਖਿਆਲਾਂ ਨੂੰ ਨੀਵੀਂ ਯਾ ਅਤੀ ਨੀਵੀਂ ਪੱਧਰ ਤੋਂ ਚੁੱਕ ਕੇ ਨਿਰੋਲ ਅਤਮਕ, ਰੂਹਾਨੀ ਪੱਧਰ ਤੇ ਪਹੁੰਚਾ ਦਿੱਤਾ। ਤੇ ਏਹਨਾਂ ਦੀ ਕਾਯਾ ਕਲਪ ਕਰਕੇ ਏਹਨਾਂ ਨੂੰ ਰੱਬੀ ਪ੍ਰੇਮ ਵਿਚ ਬਦਲ ਦਿੱਤਾ।

ਗੁਰੂ ਨਾਨਕ ਜੀ ਮਹਾਰਾਜ ਦੇ ਜ਼ਮਾਨੇ ਦਾ ਹਿੰਦੁਸਤਾਨ ਅਜ ਨਾਲੋਂ ਹਰ ਤਰਾਂ ਹੋਰ ਨੁਹਾਰ ਦਾ ਸੀ। ਮੁਲਕ ਅਮੀਰ ਸੀ। ਸ਼ਾਹੀ ਦਬਦਬਾ ਸਾਰੇ ਮੰਨਦੇ ਸਨ। ਤਿਜਾਰਤ ਲਈ ਹਿੰਦੋਸਤਾਨ ਦੇ ਸੌਦਾਗਰ ਹਰ ਓਪਰੇ ਦੇਸ਼ ਜਾਂਦੇ ਸਨ। ਗੋਰੀਆਂ ਕੌਮਾਂ ਨੂੰ ਅਜੇ ਮਾੜੀ ੨ ਹੋਸ਼ ਔਣ ਲੱਗੀ ਸੀ। ਤੇ ਉਹ ਅਜੇ ਭੀ ਹਰ ਲੋੜੀਂਦੀ ਯਾ ਵਧੀਆ ਸ਼ੈ ਲਈ ਭਾਰਤ ਵਲ ਹੀ ਤਕ ਰਹੇ ਸਨ। ਪਹਿਲੋਂ ਐਥੋਂ

ਦੇ ਹਿੰਦੂ ਰਾਜੇ ਮਹਾਰਾਜਿਆਂ ਦਾ ਤੇ ਫੇਰ ਮੁਸਲਮਾਨ ਬਾਦਸ਼ਾਹਾਂ ਦਾ ਨਾਮ ਬੜੇ ਸਤਿਕਾਰ ਨਾਲ ਲੈਂਦੇ ਸਨ। ਤੇ ਮੁਗ਼ਲ ਬਾਦਸ਼ਾਹ ਸਾਰੀ ਦੁਨੀਆਂ ਵਿਚੋਂ ਵੱਡੇ ਬਾਦਸ਼ਾਹ ਸਨ। ਅੰਗਰੇਜ਼ ਉਹਨਾ ਨੂੰ The Great Maghuls ਕਹਿੰਦੇ ਹੁੰਦੇ ਸਨ। ਵਿਦਿਆ ਹੁਨਰ ਅਤੇ ਹਰ ਤਰਾਂ ਦਾ ਸਾਮਾਨ ਬੇਅੰਤ ਸੀ। ਦੁਧ ਘਿਉ ਅਤੇ ਅਨਾਜ ਦੀ ਕਮੀ ਦਾ ਕਦੇ ਕਿਸੇ ਨੂੰ ਸੁਪਨਾਂ ਭੀ ਨਹੀਂ ਸੀ ਆਇਆਂ। ਹਰ ਇਕ ਹੁਨਰ ਦੀ ਕਦਰ ਸੀ। ਅਤੇ ਉਸਨੂੰ ਵਧਣ ਫੁਲਣ ਤੇ ਵਿਗਸਤ ਹੋਣ ਦਾ ਹਰ ਅਵਸਰ ਪ੍ਰਾਪਤ ਸੀ। ਜਦ ਅਮੀਰ ਸੌਦਾਗਰ ਪ੍ਰਦੇਸ਼ਾਂ ਨੂੰ ਤਿਜਾਰਤ ਲਈ ਜਾਂਦੇ ਸਨ, ਤਾਂ ਬਹੁਤੀ ਵਾਰ ਸਾਲਾਂ ਬੱਧੀ ਵਾਪਸ ਨਹੀਂ ਸੀ ਪਰਤ ਸਕਦੇ। ਉਹਨਾਂ ਦੀਆਂ ਮਨਮੋਹਣੀਆ ਪਤੀ ਬ੍ਰਤਾ ਇਸਤ੍ਰੀਆਂ ਉਹਨਾਂ ਦੇ ਵਿਛੋੜੇ ਵਿਚ ਹਾਵੇ ਭਰਦੀਆਂ ਰਹਿੰਦੀਆਂ ਸਨ। ਬਹਾਦਰ ਕੌਮਾਂ ਦੇ ਜਵਾਨ ਜਦ ਕਿਸੇ ਜੰਗ ਵਿਚ ਚਲੇ ਜਾਂਦੇ, ਧਾਰਮਕ ਖਿਆਲਾਂ ਦੇ ਲੋਗ ਜਦ ਤੀਰਥ ਯਾਤਰਾ ਲਈ ਨਿਕਲ ਪੈਂਦੇ ਤਾਂ ਕਾਫੀ ਚਿਰ ਵਾਪਸ ਨ ਪਰਤਦੇ। ਡਾਕ, ਤਾਰ, ਟੈਲੀਫੋਨ ਆਦਿਕ ਨ ਹੋਣ ਦੇ ਕਾਰਨ ਉਹਨਾਂ ਦੀ ਕੋਈ ਖਬਰ ਸੁਰਤ ਭੀ ਨ ਮਿਲਦੀ ਤਾਂ ਉਹਨਾਂ ਦੀਆਂ ਪਵਿੱਤ੍ਰ ਮਨ ਇਸਤ੍ਰੀਆਂ ਆਪਣੇ ਪਿਆਰੇ ਪਤੀਆਂ ਦੀ ਬੇ ਸਬਰੀ ਨਾਲ ਉਡੀਕ ਕਰਦੀਆਂ ਅਤੇ ਅਪਣੇ ਦਿਲ ਪ੍ਰੇਮ ਭਿੰਨੇ ਗੀਤ ਗਾ ੨ ਕੇ ਅਤੇ ਪ੍ਰਾਪੀ ਵਿਛੋੜੇ ਨੂੰ ਕੋਸ ੨ ਕੇ ਬਿਤੌਂਦੀਆਂ। ਸੁਫਨਿਆਂ ਵਿਚ ਜੇ ਕਿਤੇ ਮਿਲਾਪ ਹੋ ਜਾਂਦਾ ਤਾਂ ਐਸੇ ਗੀਤ ਉਹਨਾਂ ਦੀ ਜ਼ਬਾਨ ਤੇ ਔਂਦੇ ਜਿਨ੍ਹਾਂ ਦਾ ਮਤਲਬ ਗੁਰਬਾਣੀ ਦੀਆਂ ਏਹਨਾਂ ਤੁਕਾਂ ਵਰਗਾ ਹੁੰਦਾ।

ਸੁਪਨੇ ਆਇਆ ਭੀ ਗਇਆ ਮੈਂ ਜਲ ਭਰਿਆ ਰੋਇ
ਆਇ ਨ ਸਕਾ ਤੁਝ ਕਨਿ ਪਿਆਰੇ ਭੇਜ ਨ ਸਕਾ ਕੋਇ
ਆਉ ਸੁਭਾਗੀ ਨੀਦੜੀਏ ਮਤ ਸਹੁ ਦੇਖਾਂ ਸੋਇ।

ਏਸੇ ਮਤਲਬ ਦੇ ਗੀਤ ਪ੍ਰੇਮ ਦੇ ਭਿੰਨੇ, ਵਿਛੋੜੇ ਦੇ ਦਰਦ ਨਾਲ ਭਰੇ ਅਤੇ ਮਿਲਾਪ ਦੀ ਤਾਂਘ ਅਤੇ ਮਿਲਣ ਦੀ ਖੁਸ਼ੀ ਪ੍ਰਗਟ ਕਰਨ ਲਈ ਸਭ ਤ੍ਰਿਹਾਂ ਮੇਲਿਆਂ ਤਿਉਹਾਰਾਂ ਤੇ ਰੋਜ਼ ਗਾਏ ਜਾਂਦੇ ਸਨ। ਵਾਧਾ ਏਹ ਸੀ ਕਿ ਏਹ ਆਮ ਲੋਕਾਂ ਦੇ ਜਜ਼ਬਾਤ ਅਪਣੀ ਹੀ ਕਵਿਤਾ ਵਿਚ ਹੁੰਦੇ ਸਨ। ਰਾਗ ਦੀਆਂ ਸੁਰਾਂ ਭੀ, ਅਪਣੀਆਂ ਹੀ ਮਨ ਦੀਆਂ ਤਰਬਾਂ ਛੇੜ ਕੇ ਖਣਦੀਆਂ ਸਨ।

ਆਮ ਕਰਕੇ ਵਿਆਹ ਮਾਪਿਆਂ ਤੋਂ ਦੂਰ ੨ ਥਾਵਾਂ ਤੇ ਹੁੰਦੇ ਸਨ ਤੇ ਮਾਪਿਆਂ ਨੂੰ ਮਿਲਣਾ ਭੀ ਕਠਨ ਹੁੰਦਾ ਸੀ। ਇਸਤ੍ਰੀ ਦਾ ਦਰਜਾ ਸਹੁਰੇ ਘਰ ਵਿਚ ਨ ਹੋਣ ਦੇ ਬਰਾਬਰ ਸੀ, ਉਹ ਕੋਈ ਜਾਇਦਾਦ ਅਪਣੇ ਪੇਕਿਆਂ ਤੋਂ ਹਕ ਦੇ ਤੌਰ ਤੇ ਨਹੀਂ ਸੀ ਲੈ ਸਕਦੀ। ਸਹੁਰਿਆਂ ਦੀ ਜਦੀ ਜਾਇਦਾਦ ਆਦਿਕ ਵਿਚ ਉਸਦਾ ਕੋਈ ਹਕ ਨਹੀਂ ਸੀ ਹੁੰਦਾ। ਤੇ ਸਭ ਏਹੋ ਸਮਝਦੇ ਕਿ ਅਸੀਂ ਜੈਸਾ ਸਲੂਕ ਜੀ ਕਰੇ ਏਸ ਦੇ ਨਾਲ ਕਰੀਏ। ਬਸ ਇਕੋ ਆਸਰਾ ਉਸਦਾ ਪਤੀ ਹੁੰਦਾ ਸੀ। ਉਹੀ ਉਸਦਾ ਪ੍ਰੀਤਮ ਉਹੀ ਉਸਦਾ ਮਾਲਕ, ਤੇ ਬਸ ਉਸ ਇਕਲੇ ਤੇ ਹੀ ਉਸਦਾ ਸਾਰਾ ਜੋਰ ਮਾਣ ਤਾਣ ਹੋ ਸਕਦਾ ਸੀ। ਉਸਦਾ ਦੁਖ ਸੁਖ ਉਹਦੇ ਤੇ ਹੀ ਨਿਰਭਰ ਸੀ। ਦੁਨੀਆਂ ਵਿਚ ਉਹੀ ਉਸਦਾ ਰਬ ਸੀ। ਤੇ ਏਸੇ ਲਈ ਉਹਨੂੰ ਪ੍ਰਤੀ ਪ੍ਰਮੇਸ਼ਰ ਤਕ ਦਾ ਦਰਜਾ ਦਿਤਾ ਜਾਂਦਾ ਸੀ।

ਪਤੀ ਬ੍ਰਤਾ ਇਸਤ੍ਰੀ ਨਾਲੋਂ ਚੰਗੀ ਤੇ ਸਭ ਪਾਸਿਆਂ ਤੋਂ ਸੰਪੂਰਨ ਹੋਰ ਕੋਈ ਮਿਸਾਲ ਭਗਤ ਅਤੇ ਈਸ਼ਵਰ ਦੇ ਸੰਬੰਧ ਵਿਚ ਨਹੀਂ ਮਿਲ ਸਕਦੀ। ਦੇਖੋ ਏਸ ਨੂੰ ਅਸੀਂ ਦੋ ਕਾਲਮਾਂ ਵਿਚ ਏਸ ਤਰ੍ਹਾਂ ਲਿਖਕੇ ਸੌਖੇ ਹੀ ਸਮਝ ਸਕਦੇ ਹਾਂ।

| | |
|---|---|
| 1. ਪਤੀ ਇਸਤ੍ਰੀ ਦਾ ਮਾਲਕ ਹੈ। | ਈਸ਼੍ਵਰ ਆਤਮਾ ਦਾ ਮਾਲਕ ਹੈ। |
| 2. ਪਤੀ ਦਾ ਮਿਲਾਪ ਤਦ ਹੁੰਦਾ ਹੈ, ਜਦ ਇਸਤ੍ਰੀ ਬਾਕੀ ਸਾਰੇ ਸੰਬੰਧੀਆਂ ਤੇ ਮਾਪਿਆਂ ਦਾ ਘਰ ਤਿਆਗ ਦਿੰਦੀ ਹੈ। | ਵਾਹਿਗੁਰੂ ਦਾ ਮਿਲਾਪ ਏਸ ਦੁਨੀਆਂ ਦੇ ਰਸਾਂ ਨੂੰ ਤਿਆਗ ਕੇ, ਏਸ ਤੋਂ ਉਪਰਾਮ ਹੋ ਕੇ ਹੁੰਦਾ ਹੈ। |
| 3. ਇਸਤ੍ਰੀ ਨੂੰ ਅਪਣੇ ਸਾਰੇ ਸਾਕ ਸੰਬੰਧੀ ਝੂਠੇ ਮੰਨਣੇ ਪੈਂਦੇ ਹਨ, ਤਾਂ ਉਹ ਪਤੀ ਦੇ ਲੜ ਲਗਾਈ | ਇਨਸਾਨ ਜਦ ਤਕ ਏਸੇ ਤਰ੍ਹਾਂ ਅਪਣੇ ਦੁਨੀਆਵੀ ਤਅਲਕਾਤ ਨ ਛੱਡੇ, ਤੇ ਉਹਨਾਂ ਨੂੰ ਕੂੜੇ ਨ ਜਾਣੇ ਉਸਦੀ ਜੀਵ ਆਤਮਾਂ ਉਸ ਦੇ ਸ੍ਵਾਮੀ |

| | |
|---|---|
| ਜਾਂਦੀ ਹੈ । 'ਸਭੇ ਸਾਕ ਕੂੜਾਵੇਂ ਡਿੱਠੇ ਤਾਂ ਪਲੇ ਤੈਂਡੇ ਲਾਗੀ' | ਪ੍ਰਮਾਤਮਾਂ ਦੇ ਲੜ ਨਹੀਂ ਲਗ ਸਕਦੀ । |
| 4. ਲੋਕਾਂ ਦੀ ਉਸਤਤ ਨਿੰਦਿਆ ਤੋਂ ਬੇ ਪ੍ਰਵਾਹ ਹੋਣਾ ਜਰੂਰੀ ਹੈ । | ਆਮ ਲੋਕੀ, ਜੋ ਭੀ ਕਹਣ, ਭਗਤ ਜਨ ਅਪਣੇ ਨਿਸ਼ਾਨੇ ਤੋਂ ਨਹੀਂ ਡੋਲਦੇ । |
| 5. ਪਤਨੀ ਅਪਣੇ ਆਪ ਨੂੰ ਪੂਰੇ ਤੌਰ ਤੇ ਪਤੀ ਦੇ ਹਵਾਲੇ ਕਰਦੀ ਹੈ । | ਆਤਮਾਂ ਅਪਣੇ ਆਪ ਨੂੰ ਪੂਰਨ ਤੌਰ ਤੇ ਪ੍ਰਮਾਤਮਾਂ ਨੂੰ ਸੌਂਪਦੀ ਹੈ । |
| 6. ਅਸਲੀ ਪੂਰਨ ਮਿਲਾਪ ਤਦੇ ਹੁੰਦਾ ਹੈ ਜਦ ਦੋਨੋ ਇਕ ਜਾਨ ਹੋ ਜਾਣ । | ਭਗਤ ਅਤੇ ਪ੍ਰਭੂ ਇਕੋ ਹੋ ਜਾਂਦੇ ਹਨ । ਭਗਤ ਪ੍ਰਭੂ ਦਾ ਹੀ ਹੋ ਜਾਂਦਾ ਹੈ । |
| "ਏਕ ਜੋਤ ਦੋਇ ਮੂਰਤੀ ਧਨ ਪਿਰ ਕਹੀਐ ਸੋਇ ।" | "ਹਰਿ ਹਰਿ ਜਨ ਦੋਇ ਏਕ ਹੈ ਬਿਬ ਬਿਚਾਰ ਕਛੁ ਨਾਹਿ ।" |
| 7. ਇਸਤ੍ਰੀ ਨੂੰ ਅਪਣੀ ਸ਼ਖਸੀਅਤ ਤਿਆਗਣੀ ਪੈਂਦੀ ਹੈ ਤੇ ਉਹ ਪਤੀ ਦਾ ਹੀ ਰੂਪ ਹੋ ਜਾਂਦੀ ਹੈ ਲਿਖਿਆ ਹੈ :— | ਹਰੀ ਜਨ ਨੂੰ ਅਪਣੀ ਹਉਮੈ ਤਿਆਗਣੀ ਪਵੇਗੀ । ਨਹੀਂ ਤਾਂ ਉਹ ਮਿਲਿਆ ਹੋਇਆ ਭੀ ਵਿਛੜਿਆਂ ਰਹੇਗਾ । |
| "ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ | ਮਹਾਰਾਜ ਲਿਖਦੇ ਹਨ । |
| ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨ ਆਖੋ ਕੋਈ ।" | "ਧੰਨ ਪਿਰ ਕਾ ਇਕ ਹੀ ਸੰਗ ਵਾਸਾ ਵਿਚ ਹਉਮੈ ਭੀਤ ਕਰਾਰੀ ਹੈ ।" |

ਤੇ ਜਦੋਂ ਏਹ ਹਉਮੈ ਦੀ ਕੰਧ ਟੁਟ ਜਾਂਦੀ ਹੈ ਤਾਂ, "ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂ ਹੀ ਮੈਂ ਨਾਹੀਂ" ਤੇ 'ਰਾਮ ਕਬੀਰਾ ਏਕ ਭਏ ਹੈਂ ਕੋਇ ਨ ਸਕੈ ਪਛਾਣੀ' ਦੀ ਹਾਲਤ ਹੋ ਜਾਂਦੀ ਹੈ।

ਬਸ ਏਸ ਨੂੰ ਹੋਰ ਲੰਮਾਂ ਕਰਨ ਦੀ ਲੋੜ ਨਹੀਂ। ਤੁਸੀਂ ਆਪ ਸਿਆਣੇ ਹੋ ਇਸ਼ਾਰੇ ਮਾਤ੍ਰ ਏਨਾਂ ਹੀ ਕਾਫੀ ਹੈ। ਏਨੇ ਤੋਂ ਹੀ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਏਹ ਮਿਸਾਲ ਹਰ ਪਹਿਲੂ ਤੋਂ ਹੋਰ ਸਭ ਨਾਲੋਂ ਪੂਰਨ ਹੈ।

ਏਸੇ ਲਈ ਏਹ ਹੋਰ ਸਭ ਨਾਲੋਂ ਬਹੁਤੀ ਵਰਤੋਂ ਵਿਚ ਲਿਆਂਦੀ ਗਈ ਹੈ। ਪਰ ਏਹ ਨ ਸਮਝ ਲੈਣਾਂ, ਕਿ ਇਸ ਤੋਂ ਬਿਨਾ ਹੋਰ ਸਭ ਪ੍ਰੇਮ ਪ੍ਰਗਟ ਕਰਨ ਵਾਲੀਆਂ ਮਿਸਾਲਾਂ ਯਾ ਖਿਆਲਾਂ ਦੀ ਮਨਾਹੀ ਹੈ। ਲਿਖਿਆ ਹੈ।

"ਤੂੰ ਮੇਰਾ ਪਿਤਾ ਤੂੰ ਹੈਂ ਮੇਰਾ ਮਾਤਾ, ਤੂੰ ਮੇਰਾ ਬੰਧਪ ਤੂੰ ਮੇਰਾ ਭਰਾਤਾ ਤੂੰ ਮੇਰਾ ਰਾਖਾ ਸਭਨੀ ਥਾਈ ਤਾਂ ਭਉ ਕੇਹਾ ਕਾੜਾ ਜੀਉ"

'ਆਵਹੁ ਸਜਣਾਂ ਹਉਂ ਦੇਖਾਂ ਦਰਸ਼ਨ ਤੇਰਾ ਰਾਮ'

'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਣਾਂ' ਆਦਿਕ।

ਪਰ ਇਸਤ੍ਰੀ ਦੀ ਮਿਸਾਲ ਵਿਚ ਤਾਂ ਪੌਸ਼ਾਕ ਤੇ ਹਾਰ ਸ਼ਿੰਗਾਰ ਤਕ ਦਾ ਜ਼ਿਕਰ ਹੈ। 'ਨਿਵਣ ਸੁ ਅੱਖਰ ਖਵਣ ਗੁਣ ਜਿਹਬਾ ਮਣੀਆ ਮੰਤ।

ਏਹ ਤ੍ਰੈ ਭੈਣੇ ਵੇਸੁ ਕਰ ਤਾਂ ਵਸ ਆਵੀ ਕੰਤੁ'

"ਗਿਆਨ ਅੰਜਨ (ਸੁਰਮਾ) ਨਾਮ ਬਿੰਜਨ (ਪਾਨ) ਭਏ ਸਗਲ ਸੀਂਗਾਰਾ"

ਇਕ ਵਾਰ ਮਿਲਾਪ ਹੋਣ ਤੋਂ ਪਿਛੋਂ ਵਿਛੋੜਾ ਨਹੀਂ ਹੁੰਦਾ।

'ਸਖੀ ਵਸ ਆਇਆ ਫਿਰ ਛੋਡਿ ਨ ਜਾਈ ਏਹ ਰੀਤ ਭਲੀ ਭਗਵੰਤੈ'

ਤੇ ਬਸ ਥਿਰ ਸੁਹਾਗ, ਸਦਾ ਸਦਾ ਦਾ ਸਾਥ ਤੇ "ਅਨਦੋ ਅਨਦ ਘਣਾ ਮੈ ਸੋ ਪ੍ਰਭੁ ਡੀਠਾ ਰਾਮ" ਤੇ "ਨ ਕਦੇ ਮਰੈ ਨਾ ਜਾਇਆ"

ਸਭ ਰੂਹਾਨੀ ਸ਼ਿੰਗਾਰ ਹਨ ਰੂਹਾਨੀ ਮਿਲਾਪ ਹੈ। ਤੇ ਹੈ ਪੱਕਾ ਅਨੰਦ ਮਈ ਤੇ ਸਦਾ ਇਕ ਰਸ।

"ਅੱਛਾ ਭਾਈਆ ਜੀ 'ਸਤਿ ਸ੍ਰੀ ਅਕਾਲ ਤਕਲੀਫ ਮੁਆਫ। ਤੇ ਬਹੁਤ ੨ ਧੰਨਵਾਦ। ਤੁਸਾਂ ਤੇ ਮੇਰੇ ਬਹੁਤ ਵੱਡੇ ਸੰਕੇ ਦੂਰ ਕਰ ਦਿੱਤੇ ਹਨ। ਮੈਂ ਕੋਸ਼ਸ਼ ਕਰਕੇ ਨਿਤ ਨੇਮ ਯਾਦ ਕਰਾਂਗਾ, ਅਤੇ ਫਜ਼ੂਲ ਕਿਤਾਬਾਂ ਪੜ੍ਹਨ ਦੇ ਸਮੇਂ ਵਿਚੋਂ ਬਹੁਤਾ ਗੁਰਬਾਣੀ ਦੇ ਵਿਚਾਰ ਲਈ ਦਿਆਂਗਾ।"

"ਅੱਛਾ ਭਈ ਵਾਹਿਗੁਰੂ ਭਲੀ ਕਰਸੀ, ਸਤਿ ਸ੍ਰੀ ਅਕਾਲ।"

—o—

# ਸਹਾਇਕ ਸੂਚੀ

1. ਸ੍ਰੀ ਗੁਰੂ ਸਿੰਘ ਸਭਾ ਪਟਿਆਲਾ
2. ਕੇਰਾਲਾ ਯੰਗਮੈਨ ਸਿਖ ਐਸੋਸੀਏਸ਼ਨ ਕੋਚੀਨ
3. ਸ੍ਰੀ ਗੁਰੂ ਕਲਗੀਧਰ ਸੇਵਕ ਜਥਾ ਬੀਕਾਨੇਰ
4. ਸ੍ਰ: ਸ. ਬਾਬਾ ਤੇਜਾ ਸਿੰਘ ਟਰਸਟ ਵੈਸਟ ਪਟੇਲ ਨਗਰ ਨਵੀਂ ਦਿਲੀ
5. ਸ੍ਰ. ਗੁਰਚਰਨ ਸਿੰਘ ਇੰਡੀਅਨ ਆਟੋਮੋਬਾਈਲਜ਼ ਕੁਰਨੂਲ ਏ: ਪੀ:
6. ਸ੍ਰ: ਗੁਰਚਰਨ ਸਿੰਘ ਪਰਮਿੰਦਰ ਸਿੰਘ ਤਹਿਸੀਲ ਰੋਡ ਜਗਰਾਉਂ
7. ਸ੍ਰ. ਬਲਦੇਵ ਸਿੰਘ ਐਂਡ ਸਨਜ਼ ਤਹਿਸੀਲ ਰੋਡ ਜਗਰਾਉਂ
8. ਗਿਆਨੀ ਅਵਤਾਰ ਸਿੰਘ ਨੂਰਾਨੀ ਜੋਤ ਆਰਟ ਪ੍ਰੈਸ ਜਗਰਾਉਂ
9. ਸ੍ਰ. ਇੰਦਰ ਸਿੰਘ ਸ਼ਾਸਤਰੀ ਨਗਰ ਧਨਬਾਦ-ਬਿਹਾਰ
10. ਬ੍ਰਿਗੇਡੀਅਰ ਕੁਸ਼ਲਪਾਲ ਸਿੰਘ ਨਾਭਾ
11. ਗਿ: ਜੀਤ ਸਿੰਘ ਐ: ਮਿਸ਼ਨਰੀ ਖਾਰ ਬੰਬਈ
12. ਸ. ਮੋਹਨ ਸਿੰਘ H. S. L. ਕਾਲੋਨੀ ਗਾਂਧੀ ਗ੍ਰਾਮ ਵਿਸਾਖਾ ਪਟਨਮ
13. ਸ੍ਰ. ਭਗਤ ਸਿੰਘ ਡੀ.ਐਸ.ਪੀ. ਨੀਊ ਲਾਜਪਤ ਨਗਰ ਲੁਧਿਆਣਾ
14. ਕੈਪਟਨ ਹਰਿਗੋਬਿੰਦ ਸਿੰਘ ਗੋਬਿੰਦ ਨਗਰ ਡੇਹਰਾਦੂਨ
15. ਸ. ਹਰਮੀਤ ਸਿੰਘ ਟੋਭਾ ਚੇਤ ਸਿੰਘ ਪਟਿਆਲਾ
16. ਸ੍ਰ. ਮਨਮੋਹਨ ਸਿੰਘ ਬੀਬੀ ਗੁਰਚਰਨ ਕੌਰ ਗਿਲ ਰੋਡ, ਲੁਧਿਆਣਾ
17. ਸ੍ਰ. ਜੋਗਿੰਦਰ ਸਿੰਘ ਬੂਟਾ ਸਿੰਘਵਾਲਾ ਸਨੌਰ (ਪਟਿਆਲਾ)


| ਪ੍ਰਕਾਸ਼ਕ | ਪਹਿਲੀ ਵਾਰ | ਛਾਪਕ |
| --- | --- | --- |
| ਸਕੱਤਰ | ਮਈ | ਇਨਕਲਾਬੀ ਪ੍ਰਿੰਟਰਜ਼ |
| ਗੁਰੂ ਨਾਨਕ ਦੇਵ ਮਿਸ਼ਨ | 1984 | ਪਟਿਆਲਾ |